# 7B
# ਟਿਊਬ ਰਾਹੀਂ ਭੋਜਨ ਦੇਣਾ

**ਮੋਟਰ ਨਿਊਰੋਨ ਬਿਮਾਰੀ ਵਾਲੇ ਜਾਂ ਇਸ ਨਾਲ ਪ੍ਰਭਾਵਿਤ ਲੋਕਾਂ ਲਈ ਜਾਣਕਾਰੀ (MND)**

MND ਨਾਲ, ਤੁਹਾਡੇ ਗਲੇ ਜਾਂ ਮੂੰਹ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਸਕਦੀਆਂ ਹਨ। ਇਹ ਤੁਹਾਡੀ ਨਿਗਲਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿਸ ਨਾਲ ਖਾਣਾ ਜਾਂ ਪੀਣਾ ਔਖਾ ਹੋ ਜਾਂਦਾ ਹੈ। ਇਹ Kennedy's ਬਿਮਾਰੀ ਵਾਲੇ ਕੁਝ ਲੋਕਾਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਇਹ ਜਾਣਕਾਰੀ ਸ਼ੀਟ ਦੱਸਦੀ ਹੈ ਕਿ ਇੱਕ ਫੀਡਿੰਗ ਟਿਊਬ ਕਿਵੇਂ ਸਹਾਇਤਾ ਪ੍ਰਦਾਨ ਕਰ ਸਕਦੀ ਹੈ ਅਤੇ ਤੁਹਾਨੂੰ ਸੁਚਿਤ ਫੈਸਲਾ ਲੈਣ ਵਿੱਚ ਮਦਦ ਕਰ ਸਕਦੀ ਹੈ। ਸਮੱਗਰੀ ਵਿੱਚ ਇਹ ਸ਼ਾਮਲ ਹਨ:


1. **ਟਿਊਬ ਰਾਹੀਂ ਭੋਜਨ ਦੇਣਾ ਕੀ ਹੈ?**
2. **ਕੀ ਟਿਊਬ ਰਾਹੀਂ ਭੋਜਨ ਦੇਣਾ ਮੇਰੇ ਲਈ ਸਹੀ ਹੈ?**
3. **ਟਿਊਬ ਰਾਹੀਂ ਭੋਜਨ ਦੇਣਾ ਮੇਰੇ ਜੀਵਨ ਨੂੰ ਕਿਵੇਂ ਪ੍ਰਭਾਵਤ ਕਰੇਗਾ?**
4. **ਟਿਊਬ ਕਿਵੇਂ ਲਗਾਈ ਕੀਤੀ ਜਾਂਦੀ ਹੈ?**
5. **ਮੈਂ ਆਪਣੀ ਫੀਡਿੰਗ ਟਿਊਬ ਦੀ ਦੇਖਭਾਲ ਕਿਵੇਂ ਕਰਾਂ?**
6. **ਮੈਂ ਹੋਰ ਜਾਣਕਾਰੀ ਕਿਵੇਂ ਪਤਾ ਕਰਾਂ?**

ਇਹ ਸਰੋਤ ਜਾਣਕਾਰੀ ਦਾ ਅਨੁਵਾਦਿਤ ਸੰਸਕਰਣ ਹੈ। MND Association ਨਾਮਵਰ ਅਨੁਵਾਦ ਸੇਵਾਵਾਂ ਦੀ ਵਰਤੋਂ ਕਰਦੀ ਹੈ, ਪਰ ਅਨੁਵਾਦ ਵਿੱਚ ਕਿਸੇ ਵੀ ਤਰੁੱਟੀ ਲਈ ਜ਼ਿੰਮੇਵਾਰੀ ਨਹੀਂ ਲੈ ਸਕਦੀ।

ਇਲਾਜ ਅਤੇ ਦੇਖਭਾਲ ਬਾਰੇ ਫੈਸਲੇ ਲੈਣ ਵੇਲੇ ਹਮੇਸ਼ਾ ਆਪਣੀ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਨੂੰ ਸਲਾਹ ਲਈ ਪੁੱਛੋ। ਉਹ ਮੁਲਾਕਾਤਾਂ ਵਿੱਚ ਮਦਦ ਲਈ ਅਨੁਵਾਦਕ ਦਾ ਇੰਤਜ਼ਾਮ ਕਰਨ ਦੇ ਯੋਗ ਹੋ ਸਕਦੇ ਹਨ।

ਹੋਰ ਜਾਣਕਾਰੀ ਦਾ ਅਨੁਵਾਦ ਸੰਭਵ ਹੋ ਸਕਦਾ ਹੈ, ਪਰ ਇਹ ਇੱਕ ਸੀਮਤ ਸੇਵਾ ਹੈ। ਵੇਰਵਿਆਂ ਲਈ ਸਾਡੀ ਹੈਲਪਲਾਈਨ MND Connect ਨਾਲ ਸੰਪਰਕ ਕਰੋ:
ਟੈਲੀਫ਼ੋਨ: **0808 802 6262**
ਈਮੇਲ: **mndconnect@mndassociation.org**

ਇਹ ਚਿੰਨ੍ਹ MND ਜਾਂ Kennedy's ਬਿਮਾਰੀ ਨਾਲ ਰਹਿ ਰਹੇ ਜਾਂ ਪ੍ਰਭਾਵਿਤ ਲੋਕਾਂ ਦੇ ਬਿਆਨਾਂ ਨੂੰ ਉਜਾਗਰ ਕਰਦਾ ਹੈ।

ਇਹ ਚਿੰਨ੍ਹ ਸਾਡੇ ਜਾਣਕਾਰੀ ਸਰੋਤਾਂ ਨੂੰ ਉਜਾਗਰ ਕਰਦਾ ਹੈ ਤਾਂ ਜੋ ਤੁਹਾਨੂੰ ਹੋਰ ਪੜਚੋਲ ਕਰਨ ਵਿੱਚ ਮਦਦ ਮਿਲ ਸਕੇ। ਭਾਗ 6 ਵਿੱਚ ਪ੍ਰਿੰਟ ਕੀਤੀਆਂ ਕਾਪੀਆਂ ਨੂੰ ਡਾਊਨਲੋਡ ਜਾਂ ਆਰਡਰ ਕਰਨ ਦਾ ਤਰੀਕਾ ਜਾਣੋ। **ਮੈਂ ਹੋਰ ਜਾਣਕਾਰੀ ਕਿਵੇਂ ਪਤਾ ਕਰਾਂ?**

# 1. ਟਿਊਬ ਰਾਹੀਂ ਭੋਜਨ ਦੇਣਾ ਕੀ ਹੈ?

ਟਿਊਬ ਰਾਹੀਂ ਭੋਜਨ ਦੇਣਾ ਤਰਲ ਪਦਾਰਥਾਂ ਅਤੇ ਖਾਸ ਤੌਰ 'ਤੇ ਤਿਆਰ ਕੀਤੀ ਤਰਲ ਫੀਡ ਨੂੰ ਤੁਹਾਡੇ ਪੇਟ ਵਿੱਚ ਪਾਈ ਇੱਕ ਟਿਊਬ ਰਾਹੀਂ ਸਿੱਧਾ ਤੁਹਾਡੇ ਪੇਟ ਵਿੱਚ ਭੇਜਣ ਦਾ ਇੱਕ ਤਰੀਕਾ ਹੈ।

ਟਿਊਬ ਲਚਕਦਾਰ ਹੈ ਅਤੇ ਸਾਵਧਾਨੀ ਨਾਲ ਕੱਪੜਿਆਂ ਦੇ ਹੇਠਾਂ ਲੁਕਾਈ ਜਾ ਸਕਦੀ ਹੈ। ਇਹ ਇੱਕ ਛੋਟੀ ਜਿਹੀ ਤੰਗ ਸਟਰਾਅ ਦੇ ਆਕਾਰ ਦੀ ਹੁੰਦੀ ਹੈ।

ਵੱਖੋ-ਵੱਖਰੇ ਬ੍ਰਾਂਡ ਅਤੇ ਫੀਡਿੰਗ ਟਿਊਬਾਂ ਦੀਆਂ ਕਿਸਮਾਂ ਥੋੜ੍ਹੀਆਂ ਵੱਖਰੀਆਂ ਲੱਗ ਸਕਦੀਆਂ ਹਨ, ਪਰ ਇਹ ਸਾਰੀਆਂ ਸਮਾਨ ਬਣਤਰ ਦੀਆਂ ਹੁੰਦੀਆਂ ਹਨ। ਹਰੇਕ ਨੂੰ ਇੱਕ ਮਾਮੂਲੀ ਸਰਜੀਕਲ ਪ੍ਰਕਿਰਿਆ ਦੁਆਰਾ ਲਗਾਇਆ ਜਾਂਦਾ ਹੈ।

ਹੇਠ ਦਿੱਤੀ ਫੋਟੋ ਇੱਕ ਉਦਾਹਰਨ ਦਿਖਾਉਂਦੀ ਹੈ ਕਿ ਫੀਡਿੰਗ ਟਿਊਬ ਲੱਗੀ ਹੋਣ ਤੋਂ ਬਾਅਦ ਕਿਹੋ ਜਿਹੀ ਦਿਖਾਈ ਦਿੰਦੀ ਹੈ:



ਸੈਕਸ਼ਨ 4 ਦੇਖੋ: **ਟਿਊਬ ਕਿਵੇਂ ਲਗਾਈ ਜਾਂਦੀ ਹੈ?** ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਲਈ।

ਫੀਡਿੰਗ ਟਿਊਬ ਦੇ ਨਾਲ, ਤੁਸੀਂ ਅਜੇ ਵੀ ਮੂੰਹ ਨਾਲ ਖਾ-ਪੀ ਸਕਦੇ ਹੋ ਜੇਕਰ ਤੁਸੀਂ ਅਜਿਹਾ ਕਰਨਾ ਸੁਰੱਖਿਅਤ ਮਹਿਸੂਸ ਕਰਦੇ ਹੋ ਅਤੇ ਤੁਹਾਡੀ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਦੁਆਰਾ ਇਸ ਬਾਰੇ ਸਲਾਹ ਦਿੱਤੀ ਗਈ ਹੈ।

ਪਹਿਲਾਂ-ਪਹਿਲਾਂ, ਤੁਸੀਂ ਸ਼ਾਇਦ ਬੱਸ ਆਪਣੇ ਖਾਣ-ਪੀਣ ਨੂੰ ਟੌਪ-ਅੱਪ ਕਰਨ ਲਈ ਆਪਣੀ ਟਿਊਬ ਦੀ ਵਰਤੋਂ ਕਰੋਗੇ। ਜਿਵੇਂ ਕਿ ਤੁਹਾਡੇ ਲੱਛਣ ਵਧਦੇ ਹਨ, ਤੁਸੀਂ ਟਿਊਬ ਦੀ ਜ਼ਿਆਦਾ ਵਰਤੋਂ ਕਰ ਸਕਦੇ ਹੋ।

ਜੇਕਰ ਲੋੜ ਹੋਵੇ ਤਾਂ ਤੁਸੀਂ ਲੋੜੀਂਦੇ ਸਾਰੇ ਪੌਸ਼ਟਿਕ ਤੱਤ ਅਤੇ ਤਰਲ ਪਦਾਰਥ ਟਿਊਬ ਰਾਹੀਂ ਪ੍ਰਾਪਤ ਕਰ ਸਕਦੇ ਹੋ। ਡਾਈਟੀਸ਼ੀਅਨ (ਆਹਾਰ-ਵਿਗਿਆਨੀ) ਖਾਸ ਤੌਰ 'ਤੇ ਤਿਆਰ ਕੀਤੀ ਤਰਲ ਫੀਡ ਅਤੇ ਤਰਲ ਪਦਾਰਥਾਂ ਦੀ ਕਿਸਮ ਅਤੇ ਮਾਤਰਾ ਬਾਰੇ ਚਰਚਾ ਕਰ ਸਕਦੇ ਹਨ, ਜਿਸਦੀ ਤੁਹਾਨੂੰ ਇਹ ਪ੍ਰਾਪਤ ਕਰਨ ਲਈ ਲੋੜ ਹੈ।

ਜੇਕਰ ਤੁਸੀਂ ਟਿਊਬ ਰਾਹੀਂ ਭੋਜਨ ਦੇਣ ਬਾਰੇ ਚਰਚਾ ਕਰਨਾ ਚਾਹੁੰਦੇ ਹੋ, ਤਾਂ ਆਪਣੇ GP ਨੂੰ ਡਾਈਟੀਸ਼ੀਅਨ, ਬੋਲਣ ਸਬੰਧੀ ਅਤੇ ਭਾਸ਼ਾ ਦਾ ਥੈਰੇਪਿਸਟ, ਵਿਸ਼ੇਸ਼ ਨਰਸ ਜਾਂ ਡਾਕਟਰ ਜੋ ਟਿਊਬ ਫੀਡਿੰਗ ਵਿੱਚ ਮਾਹਰ ਹੈ, ਕੋਲ ਹਵਾਲਾ ਦੇਣ ਲਈ ਕਹੋ।

**"ਮੈਨੂੰ ਲਗਦਾ ਹੈ ਕਿ ਇਸ ਫੈਸਲੇ ਨੂੰ ਜਿੰਨੀ ਜਲਦੀ ਹੋ ਸਕੇ ਉਭਾਰਨਾ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਜਾਗਰੂਕਤਾ ਸਮਾਯੋਜਨ ਲਿਆਉਂਦੀ ਹੈ ਅਤੇ ਸਮਾਯੋਜਨ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਸਹਾਇਤਾ ਕਰਦਾ ਹੈ।"**

## 2. ਕੀ ਟਿਊਬ ਰਾਹੀਂ ਭੋਜਨ ਦੇਣਾ ਮੇਰੇ ਲਈ ਸਹੀ ਹੈ?

ਕਿਸੇ ਹੋਰ ਸਰਜਰੀ ਵਾਂਗ, ਇਹ ਤੁਹਾਡੀ ਮਰਜ਼ੀ ਹੈ ਕਿ ਫੀਡਿੰਗ ਟਿਊਬ ਲਗਵਾਉਣੀ ਹੈ ਜਾਂ ਨਹੀਂ।
ਇਹ ਲਾਭਦਾਇਕ ਹੋ ਸਕਦਾ ਹੈ ਪਰ ਹਰ ਕਿਸੇ ਲਈ ਸਹੀ ਨਹੀਂ ਲੱਗ ਸਕਦਾ। ਤੁਸੀਂ ਜੋ ਵੀ ਫੈਸਲਾ ਲੈਂਦੇ ਹੋ, ਤੁਸੀਂ ਸਮੇਂ ਦੇ ਨਾਲ ਆਪਣਾ ਮਨ ਬਦਲ ਸਕਦੇ ਹੋ ਅਤੇ ਇਹ ਕਰਨਾ ਚਾਹ ਸਕਦੇ ਹੋ:

- ਬਾਅਦ ਦੀ ਮਿਤੀ 'ਤੇ ਟਿਊਬ ਲਗਵਾਉਣਾ (ਲੱਛਣਾਂ ਦੇ ਵਧਣ ਦੇ ਨਾਲ ਇੱਕ ਫੀਡਿੰਗ ਟਿਊਬ ਲਗਾਉਣਾ ਵਧੇਰੇ ਮੁਸ਼ਕਲ ਹੋ ਸਕਦਾ ਹੈ, ਇਸ ਲਈ ਸਲਾਹ ਲਈ ਆਪਣੀ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਨੂੰ ਪੁੱਛੋ)
- ਆਪਣੀ ਫੀਡਿੰਗ ਟਿਊਬ ਲਗਾਉਣ ਤੋਂ ਬਾਅਦ ਇਸਨੂੰ ਵਰਤਣਾ ਬੰਦ ਕਰ ਦੇਣਾ।

ਇਸ ਭਾਗ ਵਿੱਚ ਬਾਅਦ ਵਾਲਾ ਸਿਰਲੇਖ ਵੇਖੋ: **ਕੀ ਹੁੰਦਾ ਹੈ ਜੇਕਰ ਮੈਂ ਇੱਕ ਟਿਊਬ ਲਗਵਾਉਣ ਤੋਂ ਬਾਅਦ ਆਪਣਾ ਮਨ ਬਦਲ ਲਵਾਂ?**

ਆਪਣਾ ਫੈਸਲਾ ਲੈਂਦੇ ਸਮੇਂ, ਹਰੇਕ ਕਿਸਮ ਦੀ ਖੁਰਾਕ ਲੈਣ ਦੀ ਵਿਧੀ ਦੇ ਫਾਇਦਿਆਂ ਅਤੇ ਨੁਕਸਾਨਾਂ ਬਾਰੇ ਸਹੀ ਜਾਣਕਾਰੀ ਪ੍ਰਾਪਤ ਕਰੋ। ਸੂਚਿਤ ਫੈਸਲਾ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਇਸ ਬਾਰੇ ਮਾਰਗਦਰਸ਼ਨ ਲਈ ਆਪਣੀ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਤੋਂ ਪੁੱਛੋ।

ਤੁਹਾਡੀ ਸਿਹਤ ਸੰਭਾਲ ਟੀਮ ਲਈ ਫੈਸਲਾ ਲੈਣ ਦੀ ਪ੍ਰਕਿਰਿਆ ਦੌਰਾਨ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਨਾਲ ਜਾਣੂ ਕਰਵਾਉਣਾ ਸੰਭਵ ਹੋ ਸਕਦਾ ਹੈ ਜੋ ਪਹਿਲਾਂ ਹੀ ਫੀਡਿੰਗ ਟਿਊਬ ਦੀ ਵਰਤੋਂ ਕਰ ਰਿਹਾ ਹੈ।

ਸੈਕਸ਼ਨ 5 ਦੇਖੋ: **ਮੈਂ ਆਪਣੀ ਫੀਡਿੰਗ ਟਿਊਬ ਦੀ ਦੇਖਭਾਲ ਕਿਵੇਂ ਕਰਾਂ?** ਫੀਡਿੰਗ ਟਿਊਬ ਨਾਲ ਰੋਜ਼ਾਨਾ ਦੀ ਜ਼ਿੰਦਗੀ ਜਿਊਣ ਬਾਰੇ ਹੋਰ ਜਾਣਕਾਰੀ ਲਈ।

ਹਸਪਤਾਲਾਂ ਅਤੇ ਕਮਿਊਨਿਟੀ ਸੇਵਾਵਾਂ ਵਿੱਚ ਆਮ ਤੌਰ 'ਤੇ ਟਿਊਬ ਰਾਹੀਂ ਭੋਜਨ ਦੇਣ ਬਾਰੇ ਦਿਸ਼ਾ-ਨਿਰਦੇਸ਼ ਹੁੰਦੇ ਹਨ। ਆਪਣੇ ਵਿਕਲਪਾਂ ਬਾਰੇ ਪਤਾ ਲਗਾਉਂਦੇ ਸਮੇਂ ਇਹਨਾਂ ਬਾਰੇ ਦੱਸਣ ਲਈ ਕਹੋ।

## ਮੈਨੂੰ ਟਿਊਬ ਰਾਹੀਂ ਭੋਜਨ ਦੇਣ 'ਤੇ ਵਿਚਾਰ ਕਰਨ ਦੀ ਲੋੜ ਕਿਉਂ ਪਵੇਗੀ?

ਜੇਕਰ ਤੁਹਾਡੇ ਮੂੰਹ ਅਤੇ ਗਲੇ ਦੀਆਂ ਮਾਸਪੇਸ਼ੀਆਂ MND ਤੋਂ ਪ੍ਰਭਾਵਿਤ ਹੁੰਦੀਆਂ ਹਨ, ਤਾਂ ਇਹ ਲੱਛਣ ਵਧਦੇ ਹਨ। ਇਹ ਤੁਹਾਡੇ ਖਾਣ-ਪੀਣ 'ਤੇ ਅਸਰ ਪਾ ਸਕਦਾ ਹੈ।

ਤੁਸੀਂ ਇਹ ਅਨੁਭਵ ਕਰ ਸਕਦੇ ਹੋ:

– ਤੁਹਾਡੇ ਭੋਜਨ ਨੂੰ ਚਬਾਉਣ ਅਤੇ ਨਿਗਲਣ ਵਿੱਚ ਮੁਸ਼ਕਲਾਂ
– ਹੱਥ ਅਤੇ ਬਾਂਹ ਦੇ ਨਿਯੰਤਰਣ ਘੱਟਣ ਨਾਲ ਤੁਹਾਡੇ ਮੂੰਹ ਤੱਕ ਭੋਜਨ ਪਹੁੰਚਾਉਣਾ ਮੁਸ਼ਕਲ ਹੋ ਜਾਂਦਾ ਹੈ
– ਘੱਟ ਖਾਣ ਅਤੇ ਮਾਸਪੇਸ਼ੀਆਂ ਦੇ ਨੁਕਸਾਨ ਕਾਰਨ ਭਾਰ ਘਟਣਾ
– ਘੱਟ ਪੀਣ ਕਾਰਨ ਡੀਹਾਈਡ੍ਰੇਸ਼ਨ ਅਤੇ ਕਬਜ਼
– ਤੁਹਾਡੀ ਸਵਾਦ ਦੀ ਸੰਵੇਦਨਾ ਵਿੱਚ ਤਬਦੀਲੀਆਂ
– ਘਟੀ ਹੋਈ ਭੁੱਖ
– ਬਹੁਤ ਘੱਟ ਕੈਲੋਰੀਆਂ ਖਾਣ ਕਾਰਨ ਊਰਜਾ ਦੀ ਕਮੀ
– ਭੋਜਨ ਅਤੇ ਤਰਲ ਫੇਫੜਿਆਂ ਵਿੱਚ ਜਾਂਦਾ ਹੈ, ਜਿਸ ਨਾਲ ਖੰਘ ਜਾਂ ਸਾਹ ਘੁੱਟਣਾ ਹੁੰਦਾ ਹੈ (ਜਿਸ ਨੂੰ ਐਸਿਪਰੇਸ਼ਨ ਕਿਹਾ ਜਾਂਦਾ ਹੈ, ਜੋ ਛਾਤੀ ਦੀਆਂ ਲਾਗਾਂ ਦਾ ਕਾਰਨ ਬਣ ਸਕਦਾ ਹੈ)।

Kennedy's ਬਿਮਾਰੀ ਵਾਲੇ ਕੁਝ ਲੋਕਾਂ ਨੂੰ ਵੀ ਇਹ ਸਮੱਸਿਆਵਾਂ ਹੋ ਸਕਦੀਆਂ ਹਨ।

## ਇਸਦੇ ਫ਼ਾਇਦੇ ਕੀ ਹਨ?

ਟਿਊਬ ਰਾਹੀਂ ਭੋਜਨ ਦੇਣਾ ਤੁਹਾਨੂੰ ਲੋੜੀਂਦਾ ਪੋਸ਼ਣ ਪ੍ਰਾਪਤ ਕਰਨ ਦਿੰਦਾ ਹੈ ਅਤੇ ਇਹ ਕਰ ਸਕਦਾ ਹੈ:

– ਤੁਹਾਡੇ ਊਰਜਾ ਦੇ ਪੱਧਰ ਨੂੰ ਵਧਾਉਣਾ
– ਤੁਹਾਡੇ ਭਾਰ ਨੂੰ ਮੁੜ ਪ੍ਰਾਪਤ ਕਰਨ ਜਾਂ ਬਣਾਈ ਰੱਖਣ ਵਿੱਚ ਤੁਹਾਡੀ ਮਦਦ ਕਰਨਾ
– ਜੇ ਚਬਾਉਣਾ ਅਤੇ ਨਿਗਲਣਾ ਮੁਸ਼ਕਲ ਹੋ ਜਾਂਦਾ ਹੈ ਤਾਂ ਤੁਹਾਡੇ ਲਈ ਘੱਟ ਤਣਾਅ ਪੈਦਾ ਕਰਦੀ ਹੈ
– ਖੰਘ ਅਤੇ ਸਾਹ ਘੁੱਟਣ ਦੇ ਜੋਖਮ ਨੂੰ ਘਟਾਉਂਦੀ ਹੈ
– ਵਾਰ-ਵਾਰ ਛਾਤੀ ਦੀ ਲਾਗ ਤੋਂ ਬਚਣ ਵਿੱਚ ਤੁਹਾਡੀ ਮਦਦ ਕਰਦੀ ਹੈ
– ਡੀਹਾਈਡ੍ਰੇਸ਼ਨ ਅਤੇ ਕਬਜ਼ ਨੂੰ ਰੋਕਣ ਵਿੱਚ ਮਦਦ ਕਰਦੇ ਹੋਏ ਤਰਲ ਪਦਾਰਥਾਂ ਦੇ ਸੇਵਨ ਨੂੰ ਵਧਾਉਂਦੀ ਹੈ
– ਕੁਝ ਦਵਾਈਆਂ ਲੈਣ ਦਾ ਲਾਭਦਾਇਕ ਤਰੀਕਾ ਬਣਦੀ ਹੈ
– ਤੁਹਾਡੀ ਤੰਦਰੁਸਤੀ ਦੀ ਭਾਵਨਾ ਵਿੱਚ ਸੁਧਾਰ ਕਰਦੀ ਹੈ।

**"ਇੰਨੇ ਜ਼ਿਆਦਾ ਤਣਾਅ ਨੂੰ ਦੂਰ ਕਰਕੇ ਮੇਰੇ ਦੋਸਤਾਨਾ PEG ਨੇ ਮੇਰੇ ਅਤੇ ਮੇਰੇ ਅਜ਼ੀਜ਼ਾਂ ਲਈ ਜੀਵਨ ਦੀ ਗੁਣਵੱਤਾ ਵਿੱਚ ਬਹੁਤ ਸੁਧਾਰ ਕੀਤਾ ਹੈ। ਹਾਰ ਮੰਨਣ ਤੋਂ ਉਲਟ, ਇਹ ਸਗੋਂ MND ਦੇ ਖਿਲਾਫ ਲੜਨ ਵਿੱਚ ਮੇਰੀ ਮਦਦ ਕਰ ਰਿਹਾ ਹੈ।"**

ਉਪਰੋਕਤ ਸਾਰੇ ਜੀਵਨ ਜਾਂ ਆਰਾਮ ਦੀ ਗੁਣਵੱਤਾ ਵਿੱਚ ਸੁਧਾਰ ਕਰ ਸਕਦੇ ਹਨ। ਹਾਲਾਂਕਿ, ਫੀਡਿੰਗ ਟਿਊਬ ਦੀ ਵਰਤੋਂ ਕਰਨ ਨਾਲ MND ਦੇ ਵਿਕਾਸ ਵਿੱਚ ਦੇਰੀ ਨਹੀਂ ਹੋਵੇਗੀ ਜਾਂ ਰੋਕ ਨਹੀਂ ਲੱਗੇਗੀ।

## ਜੋਖਮ ਕੀ ਹਨ?

ਫੀਡਿੰਗ ਟਿਊਬ ਲਗਾਉਣਾ ਇੱਕ ਆਮ ਅਤੇ ਕਾਫ਼ੀ ਸੁਰੱਖਿਅਤ ਪ੍ਰਕਿਰਿਆ ਹੈ। ਵੱਡੀਆਂ ਸਮੱਸਿਆਵਾਂ ਬਹੁਤ ਘੱਟ ਹੁੰਦੀਆਂ ਹਨ ਅਤੇ ਜ਼ਿਆਦਾਤਰ ਮੁੱਦਿਆਂ ਨੂੰ ਆਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ।

ਜਿਵੇਂ ਕਿ ਕਿਸੇ ਵੀ ਇਲਾਜ ਦੇ ਨਾਲ, ਇਸ ਨਾਲ ਕੁਝ ਸੰਭਾਵੀ ਜੋਖਮ ਸੰਬੰਧਿਤ ਹਨ ਜਿਨ੍ਹਾਂ ਬਾਰੇ ਤੁਹਾਨੂੰ ਸੁਚੇਤ ਹੋਣਾ ਚਾਹੀਦਾ ਹੈ, ਜਿਵੇਂ ਕਿ:

- ਸਰਜਰੀ ਦੇ ਬਾਅਦ ਲਾਗ
- ਜ਼ਖ਼ਮ ਤੋਂ ਖੂਨ ਵਹਿਣਾ ਜਾਂ ਰਿਸਾਵ
- ਉਸ ਖੇਤਰ ਦੇ ਆਲੇ ਦੁਆਲੇ ਬੇਅਰਾਮੀ ਜਾਂ ਦਰਦ ਜਿੱਥੇ ਫੀਡਿੰਗ ਟਿਊਬ ਪਾਈ ਗਈ ਹੈ
- ਫੀਡਿੰਗ ਟਿਊਬ ਪਾਉਣ ਤੋਂ ਬਾਅਦ ਥੋੜ੍ਹਾ ਜਿਹਾ ਅਫ਼ਾਰਾ ਤੁਹਾਡੇ ਪੇਟ ਵਿੱਚ ਰਹਿ ਗਈ ਕੁਝ ਹਵਾ ਦੇ ਕਾਰਨ ਹੁੰਦਾ ਹੈ
- ਟਿਊਬ ਲਗਵਾਉਣ ਤੋਂ ਬਾਅਦ ਤੁਹਾਡਾ ਸਾਹ ਲੈਣਾ ਸੀਮਤ ਹੋ ਸਕਦਾ ਹੈ।

ਤੁਹਾਡੇ ਲਈ ਹੋ ਸਕਣ ਵਾਲੇ ਜੋਖਮ ਤੁਹਾਡੀ ਸਿਹਤ 'ਤੇ ਨਿਰਭਰ ਕਰਨਗੇ। ਆਪਣੇ ਡਾਇਟੀਸ਼ੀਅਨ ਜਾਂ ਸੰਬੰਧਿਤ ਡਾਕਟਰ ਤੋਂ ਪਹਿਲਾਂ ਹੀ ਸਲਾਹ ਲਓ।

## ਟਿਊਬ ਲਗਾਉਣ ਨਾਲ ਮੇਰੇ ਪਰਿਵਾਰ ਅਤੇ ਦੇਖਭਾਲ ਕਰਨ ਵਾਲਿਆਂ 'ਤੇ ਕੀ ਅਸਰ ਪਵੇਗਾ?

ਤੁਹਾਨੂੰ ਚਿੰਤਾ ਹੋ ਸਕਦੀ ਹੈ ਕਿ ਟਿਊਬ ਫੀਡ ਦਾ ਪ੍ਰਬੰਧਨ ਕਰਨਾ ਤੁਹਾਡੇ ਪਰਿਵਾਰ ਜਾਂ ਦੇਖਭਾਲ ਕਰਨ ਵਾਲਿਆਂ ਲਈ ਤਣਾਅਪੂਰਨ ਹੋ ਸਕਦਾ ਹੈ। ਹਾਲਾਂਕਿ, ਉਹ ਇਹ ਜਾਣ ਕੇ ਦਿਲਾਸਾ ਲੈ ਸਕਦੇ ਹਨ ਕਿ ਤੁਹਾਨੂੰ ਲੋੜੀਂਦਾ ਤਰਲ ਅਤੇ ਪੋਸ਼ਣ ਮਿਲ ਰਿਹਾ ਹੈ।

ਇਹ ਪ੍ਰਕਿਰਿਆ ਸਧਾਰਨ ਹੈ ਅਤੇ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹਰ ਵਿਅਕਤੀ ਨੂੰ ਟਿਊਬ ਰਾਹੀਂ ਭੋਜਨ ਦੇਣ ਵਿੱਚ ਤੁਹਾਡੀ ਮਦਦ ਕਰਨ ਲਈ ਸਿਖਲਾਈ ਦਿੱਤੀ ਜਾਵੇਗੀ।

ਸੈਕਸ਼ਨ 5 ਦੇਖੋ: **ਮੈਂ ਆਪਣੀ ਫੀਡਿੰਗ ਟਿਊਬ ਦੀ ਦੇਖਭਾਲ ਕਿਵੇਂ ਕਰਾਂ?**

ਇੱਕ ਵਾਰ ਜਦੋਂ ਤੁਸੀਂ ਇਹ ਫੈਸਲਾ ਕਰ ਲੈਂਦੇ ਹੋ ਕਿ ਫੀਡਿੰਗ ਟਿਊਬ ਲਗਾਉਣੀ ਹੈ ਜਾਂ ਨਹੀਂ, ਤਾਂ ਇਹ ਸੰਭਵ ਹੈ ਕਿ ਤੁਹਾਡਾ ਪਰਿਵਾਰ ਜਾਂ ਦੇਖਭਾਲ ਕਰਨ ਵਾਲੇ ਤੁਹਾਡੀ ਪਸੰਦ ਨਾਲ ਅਸਹਿਮਤ ਹੋ ਸਕਦੇ ਹਨ।

ਚਿੰਤਾਵਾਂ 'ਤੇ ਚਰਚਾ ਕਰਨ ਨਾਲ ਤੁਹਾਨੂੰ ਸਾਰਿਆਂ ਨੂੰ ਇੱਕ ਸਾਂਝੀ ਸਮਝ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ।

ਸਾਡੀ ਗਾਈਡ ਅਤੇ ਸਾਥੀ ਵੈੱਬ ਐਪ ਵੇਖੋ: ਮੂੰਹ ਰਾਹੀਂ ਖਾਣ-ਪੀਣ ਦੀ ਤਿਆਰੀ ਵਿੱਚ ਮਦਦ ਲਈ **Eating and drinking with MND** ਜਾਣਕਾਰੀ ਸ਼ੀਟ ਵੀ ਵੇਖੋ: **7A ਨਿਗਲਣ ਵਿੱਚ ਮੁਸ਼ਕਲਾਂ**

## ਕੀ ਮੈਂ ਟਿਊਬ ਰਾਹੀਂ ਭੋਜਨ ਦੇਣ ਬਾਰੇ ਕੋਈ ਵੀਡੀਓ ਸਮੱਗਰੀ ਦੇਖ ਸਕਦਾ/ਸਕਦੀ ਹਾਂ?

myTube ਨਾਮਕ ਇੱਕ ਯੂਜ਼ਰ ਵੀਡੀਓ ਵੈੱਬਸਾਈਟ SITraN, Sheffield Institute for Translational Neuroscience ਦੁਆਰਾ ਵਿਕਸਤ ਕੀਤੀ ਗਈ ਹੈ, ਅਤੇ MND ਐਸੋਸੀਏਸ਼ਨ ਦੁਆਰਾ ਅੰਸ਼ਕ ਤੌਰ 'ਤੇ ਫੰਡ ਕੀਤੀ ਗਈ ਹੈ। ਇਹ MND ਵਾਲੇ ਲੋਕਾਂ ਨਾਲ ਟਿਊਬ ਫੀਡਿੰਗ ਦੇ ਫੈਸਲੇ ਲੈਣ ਅਤੇ ਵਰਤੋਂ ਦੀ ਪੜਚੋਲ ਕਰਦੀ ਹੈ।
ਜੇਕਰ ਤੁਸੀਂ ਫੀਡਿੰਗ ਟਿਊਬ ਲਗਾਉਣ ਜਾਂ ਨਾ ਲਗਵਾਉਣ ਦਾ ਫੈਸਲਾ ਕਰ ਰਹੇ ਹੋ, ਤਾਂ myTube 'ਤੇ ਉਨ੍ਹਾਂ ਦੇ ਤਜ਼ਰਬੇ ਅਤੇ ਨਿੱਜੀ ਕਹਾਣੀਆਂ ਸੁਣਨਾ ਮਦਦ ਕਰ ਸਕਦਾ ਹੈ।

myTube ਨੂੰ **mytube.mymnd.org.uk** 'ਤੇ ਦੇਖੋ ਅਤੇ ਹੋਰ ਮਾਰਗਦਰਸ਼ਨ ਇੱਥੇ ਦੇਖੋ: **mndassociation.org/eating**.

ਵੀਡੀਓਜ਼ ਇਹ ਦਿਖਾਉਣ ਵਿੱਚ ਮਦਦ ਕਰਦੇ ਹਨ ਕਿ ਇੱਕ ਟਿਊਬ ਲਗਵਾਉਣ ਨਾਲ ਜ਼ਿੰਦਗੀ ਕਿਵੇਂ ਦੀ ਹੋ ਸਕਦੀ ਹੈ। ਵੀਡੀਓਜ਼, ਲਿਖਤੀ ਜਾਣ-ਪਛਾਣ ਅਤੇ ਭਰੋਸੇਯੋਗ ਸੰਸਥਾਵਾਂ ਤੋਂ ਧਿਆਨ ਨਾਲ ਚੁਣੇ ਗਏ ਸਰੋਤਾਂ ਦੀ ਸੂਚੀ ਨਾਲ ਸਮਰਥਤ ਹਨ, ਜਿਸ ਵਿੱਚ ਸਾਡੀਆਂ ਖੁਦ ਦੀਆਂ ਸਬੰਧਤ ਜਾਣਕਾਰੀ ਸ਼ੀਟਾਂ ਅਤੇ ਗਾਈਡਾਂ ਸ਼ਾਮਲ ਹਨ।

## ਜੇਕਰ ਮੈਂ ਟਿਊਬ ਰਾਹੀਂ ਭੋਜਨ ਦੇਣ ਦੇ ਵਿਰੁੱਧ ਫੈਸਲਾ ਕਰਦਾ/ਕਰਦੀ ਹਾਂ ਤਾਂ ਕੀ ਹੁੰਦਾ ਹੈ?

ਤੁਹਾਡੀਆਂ ਮਾਸਪੇਸ਼ੀਆਂ ਖ਼ਰਾਬ ਹੁੰਦੀਆਂ ਰਹਿਣਗੀਆਂ ਭਾਵੇਂ ਤੁਹਾਡੇ ਫੀਡਿੰਗ ਟਿਊਬ ਲੱਗੀ ਹੋਵੇ ਜਾਂ ਨਾ ਲੱਗੀ ਹੋਵੇ। ਹਾਲਾਂਕਿ, ਫੀਡਿੰਗ ਟਿਊਬ ਤੋਂ ਬਿਨਾਂ, ਤੁਹਾਡਾ ਭਾਰ ਘਟਾਉਣ ਦੀ ਸੰਭਾਵਨਾ ਹੈ ਅਤੇ ਖਾਣਾ-ਪੀਣਾ ਮੁਸ਼ਕਲ ਹੋਣ ਕਾਰਨ ਡੀਹਾਈਡ੍ਰੇਟ ਹੋ ਸਕਦਾ ਹੈ।

ਤੁਸੀਂ ਇਸ ਬਾਰੇ ਚਿੰਤਾ ਕਰ ਸਕਦੇ ਹੋ ਕਿ ਇਹ ਕਿਵੇਂ ਮਹਿਸੂਸ ਹੋਏਗੀ, ਪਰ ਜਿਵੇਂ-ਜਿਵੇਂ ਤੁਹਾਡੀ MND ਵਧਦੀ ਹੈ, ਤੁਹਾਡੀ ਪਿਆਸ ਅਤੇ ਭੁੱਖ ਆਮ ਤੌਰ 'ਤੇ ਘੱਟ ਤੀਬਰ ਹੋ ਜਾਂਦੀ ਹੈ। ਪੈਲੀਏਟਿਵ ਦੇਖਭਾਲ ਮਾਹਰ ਨਾਲ ਇਸ ਬਾਰੇ ਚਰਚਾ ਕਰਨਾ ਤੁਹਾਨੂੰ ਹੌਸਲਾ ਵਧਾਊ ਲੱਗ ਸਕਦਾ ਹੈ। ਹਵਾਲੇ ਲੈਣ ਲਈ ਆਪਣੀ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਨੂੰ ਪੁੱਛੋ।

ਇੱਕ ਵਾਰ ਜਦੋਂ ਤੁਸੀਂ ਵਿਕਲਪਾਂ 'ਤੇ ਵਿਚਾਰ ਕਰ ਲੈਂਦੇ ਹੋ, ਤਾਂ ਤੁਸੀਂ ਇੱਕ ਸੂਚਿਤ ਫੈਸਲਾ ਲੈ ਸਕਦੇ ਹੋ। ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਫੀਡਿੰਗ ਟਿਊਬ ਤੁਹਾਡੇ ਲਈ ਸਹੀ ਨਹੀਂ ਹੈ, ਤਾਂ ਤੁਹਾਡੀ ਪੋਸ਼ਣ ਸਬੰਧੀ ਨਰਸ, ਡਾਇਟੀਸ਼ੀਅਨ ਅਤੇ ਬੋਲਣ ਸਬੰਧੀ ਅਤੇ ਭਾਸ਼ਾ ਥੈਰੇਪਿਸਟ ਫਿਰ ਵੀ ਤੁਹਾਡਾ ਸਮਰਥਨ ਕਰਨਗੇ। ਉਹ ਤੁਹਾਡੀਆਂ ਲੋੜਾਂ ਮੁਤਾਬਕ ਖਾਣ-ਪੀਣ ਅਤੇ ਨੁਸਖ਼ਾ ਅਧਾਰਿਤ ਪੂਰਕਾਂ ਬਾਰੇ ਸਲਾਹ ਦੇਣਗੇ।

ਤੁਹਾਡੀ ਪੈਲੀਏਟਿਵ ਦੇਖਭਾਲ ਟੀਮ ਵੀ ਤੁਹਾਡੀ ਮਦਦ ਕਰੇਗੀ, ਅਤੇ ਲੋੜ ਅਨੁਸਾਰ ਭੁੱਖ ਜਾਂ ਪਿਆਸ ਨੂੰ ਦੂਰ ਕਰਨ ਲਈ ਲੋੜੀਂਦੀ ਕਿਸੇ ਵੀ ਦਵਾਈ ਬਾਰੇ ਸਲਾਹ ਦੇਵੇਗੀ।

ਇਸ ਸਲਾਹ ਵਿੱਚ ਜਿੰਨਾ ਸੰਭਵ ਹੋ ਸਕੇ ਖਾਣ-ਪੀਣ ਨੂੰ ਜਾਰੀ ਰੱਖਣ ਵਿੱਚ ਤੁਹਾਡੀ ਮਦਦ ਕਰਨ ਲਈ ਭੋਜਨ ਦੀ ਬਣਤਰ ਅਤੇ ਤਰਲ ਦੀ ਇਕਸਾਰਤਾ ਨੂੰ ਅਨੁਕੂਲ ਬਣਾਉਣਾ ਸ਼ਾਮਲ ਹੋ ਸਕਦਾ ਹੈ।

ਜੇਕਰ ਤੁਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਤੁਹਾਡੇ ਕੋਈ ਟਿਊਬ ਨਾ ਲੱਗੇ, ਇੱਥੋਂ ਤੱਕ ਕਿ ਸੰਕਟਕਾਲ ਵਿੱਚ ਵੀ ਟਿਊਬ ਨਾ ਲੱਗੇ, ਤੁਸੀਂ ਇਸ ਨੂੰ ਇਲਾਜ ਤੋਂ ਇਨਕਾਰ ਕਰਨ ਲਈ ਐਡਵਾਂਸਡ ਡਿਸੀਜ਼ਨ (ADRT) ਵਿੱਚ ਦੱਸ ਸਕਦੇ ਹੋ।

ADRT ਬਾਰੇ ਹੋਰ ਜਾਣਕਾਰੀ ਲਈ ਅਗਲਾ ਸਿਰਲੇਖ ਵੇਖੋ: **ਕੀ ਹੁੰਦਾ ਹੈ ਜੇਕਰ ਮੈਂ ਇੱਕ ਟਿਊਬ ਲਗਵਾਉਣ ਤੋਂ ਬਾਅਦ ਆਪਣਾ ਮਨ ਬਦਲ ਲਵਾਂ?**

## ਕੀ ਹੁੰਦਾ ਹੈ ਜੇਕਰ ਮੈਂ ਇੱਕ ਟਿਊਬ ਲਗਵਾਉਣ ਤੋਂ ਬਾਅਦ ਆਪਣਾ ਮਨ ਬਦਲ ਲਵਾਂ?

ਤੁਸੀਂ ਫੈਸਲਾ ਕਰ ਸਕਦੇ ਹੋ ਕਿ ਤੁਸੀਂ ਭਵਿੱਖ ਵਿੱਚ ਕੁਝ ਸਥਿਤੀਆਂ ਵਿੱਚ ਆਪਣੀ ਟਿਊਬ ਦੀ ਵਰਤੋਂ ਬੰਦ ਕਰਨਾ ਚਾਹੁੰਦੇ ਹੋ। ਜੇਕਰ ਤੁਸੀਂ ਕਿਸੇ ਕਾਰਨ ਕਰਕੇ ਫੈਸਲੇ ਲੈਣ ਜਾਂ ਸੰਚਾਰ ਕਰਨ ਵਿੱਚ ਅਸਮਰੱਥ ਹੋ ਜਾਂਦੇ ਹੋ, ਤਾਂ ਇਲਾਜ ਤੋਂ ਇਨਕਾਰ ਕਰਨ ਦਾ ਐਡਵਾਂਸ ਡਿਸੀਜ਼ਨ (ADRT) ਤੁਹਾਡੀਆਂ ਚੋਣਾਂ ਦਾ ਸਮਰਥਨ ਕਰ ਸਕਦਾ ਹੈ। ਇਹ ਤੁਹਾਡੀ ਦੇਖਭਾਲ ਪ੍ਰਦਾਨ ਕਰਨ ਵਾਲਿਆਂ ਨੂੰ ਦੱਸਦਾ ਹੈ ਕਿ ਤੁਸੀਂ ਕਿਹੜੇ ਇਲਾਜਾਂ ਤੋਂ ਇਨਕਾਰ ਕਰਨਾ ਚਾਹੁੰਦੇ ਹੋ ਜਾਂ ਭਵਿੱਖ ਵਿੱਚ ਵਾਪਸ ਲੈ ਲਿਆ ਹੈ।

ਤੁਹਾਨੂੰ ਇਸ ਬਾਰੇ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਤੁਸੀਂ ਕੀ ਇਨਕਾਰ ਕਰਨਾ ਚਾਹੁੰਦੇ ਹੋ ਅਤੇ ਇਹ ਕਦੋਂ ਹੋਣਾ ਚਾਹੀਦਾ ਹੈ। ਉਦਾਹਰਨ ਲਈ, ਉਹਨਾਂ ਹਾਲਾਤਾਂ ਬਾਰੇ ਇੱਕ ਸਪੱਸ਼ਟ ਬਿਆਨ ਦੇਣਾ ਜਿਨ੍ਹਾਂ ਵਿੱਚ ਤੁਸੀਂ ਆਪਣੀ ਫੀਡਿੰਗ ਟਿਊਬ ਨੂੰ ਵਾਪਸ ਲੈਣਾ ਚਾਹੋਗੇ।

ਜੇਕਰ ਪੂਰੀ ਤਰ੍ਹਾਂ ਸਹੀ ਅਤੇ ਵੈਧ ਹੈ, ਤਾਂ ਇੱਕ ADRT ਮਾਨਸਿਕ ਸਮਰੱਥਾ ਐਕਟ 2005 ਦੇ ਤਹਿਤ ਇੰਗਲੈਂਡ ਅਤੇ ਵੇਲਜ਼ ਵਿੱਚ ਕਾਨੂੰਨੀ ਤੌਰ 'ਤੇ ਬੰਧਨਕਾਰੀ ਹੈ।

ADRT, ਉੱਤਰੀ ਆਇਰਲੈਂਡ ਵਿੱਚ ਆਮ ਕਾਨੂੰਨ ਦੇ ਤਹਿਤ ਵੀ ਕਾਨੂੰਨੀ ਤੌਰ 'ਤੇ ਬੰਧਨਕਾਰੀ ਹੈ।

ਹਾਲਾਂਕਿ ਸਕਾਟਲੈਂਡ ਵਿੱਚ ਕਾਨੂੰਨੀ ਤੌਰ 'ਤੇ ਬੰਧਨਕਾਰੀ ਨਹੀਂ ਹੈ, ਇੱਕ ADRT ਅਜੇ ਵੀ ਉੱਥੇ ਸਿਹਤ ਅਤੇ ਸਮਾਜਿਕ ਦੇਖਭਾਲ ਪੇਸ਼ੇਵਰਾਂ ਨੂੰ ਮਾਰਗਦਰਸ਼ਨ ਕਰਨ ਲਈ ਵਰਤਿਆ ਜਾ ਸਕਦਾ ਹੈ।

ਤੁਹਾਡੀ ਦੇਖਭਾਲ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਆਪਣੇ ADRT ਦੇ ਨਾਲ-ਨਾਲ ਦੇਖਭਾਲ ਦੇ ਹੋਰ ਦਸਤਾਵੇਜ਼ਾਂ ਬਾਰੇ ਸੂਚਿਤ ਕਰੋ। ਇਸ ਵਿੱਚ ਤੁਹਾਡਾ ਜੀਪੀ ਅਤੇ ਕੋਈ ਵੀ ਮਾਹਿਰ ਸ਼ਾਮਲ ਹਨ। ਆਪਣੇ ਮੈਡੀਕਲ ਰਿਕਾਰਡਾਂ ਲਈ ਆਪਣੇ ਜੀਪੀ ਨੂੰ ਆਪਣੇ ADRT ਦੀ ਇੱਕ ਕਾਪੀ ਪ੍ਰਦਾਨ ਕਰੋ ਅਤੇ ਪੁੱਛੋ ਕਿ ਸਥਾਨਕ ਸਿਸਟਮ ਕਿਵੇਂ ਕੰਮ ਕਰਦੇ ਹਨ।

ਉਦਾਹਰਨ ਲਈ, ਕੁਝ ਐਂਬੂਲੈਂਸ ਸੇਵਾਵਾਂ ADRTs ਦੀਆਂ ਕਾਪੀਆਂ ਰੱਖਦੀਆਂ ਹਨ ਜਾਂ ਜੀਵਨ ਨੂੰ ਛੋਟਾ ਕਰਨ ਵਾਲੀਆਂ ਬਿਮਾਰੀਆਂ, ਜਿਵੇਂ ਕਿ MND ਵਾਲੇ ਲੋਕਾਂ ਲਈ ਦੇਖਭਾਲ ਮਾਰਗਦਰਸ਼ਨ ਰੱਖਦੀਆਂ ਹਨ। ਜਿੱਥੇ ਵੀ ਸੰਭਵ ਹੋਵੇ, ਪੈਰਾਮੈਡਿਕਸ ਅਤੇ ਹੋਰ ਐਮਰਜੈਂਸੀ ਜਵਾਬ ਵਿੱਚ ਕਾਰਵਾਈ ਕਰਨ ਵਾਲੇ ਡਾਕਟਰੀ ਇਤਿਹਾਸ ਨੂੰ ਧਿਆਨ ਵਿੱਚ ਰੱਖਦੇ ਹਨ, ਪਰ ਉਹ ਐਮਰਜੈਂਸੀ ਵਿੱਚ ਤੁਹਾਡੇ ਰਿਕਾਰਡਾਂ ਤੱਕ ਪਹੁੰਚ ਕਰਨ ਦੇ ਯੋਗ ਨਹੀਂ ਹੋ ਸਕਦੇ ਹਨ। ਵੈਧ ADRT ਫਾਰਮ ਦੇਖੇ ਬਿਨਾਂ, ਉਹਨਾਂ ਨੂੰ ਉਹਨਾਂ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਇਲਾਜ ਬਾਰੇ ਇੱਕ ਫੌਰੀ ਕਲੀਨਿਕਲ ਨਿਰਣਾ ਲੈਣਾ ਪੈ ਸਕਦਾ ਹੈ।

ਜਾਣਕਾਰੀ ਸ਼ੀਟ ਵੀ ਵੇਖੋ: **14A ਇਲਾਜ ਤੋਂ ਇਨਕਾਰ ਕਰਨ ਦਾ ਅਗਾਊਂ ਫੈਸਲਾ (ADRT) ਅਤੇ ਅਗਾਊਂ ਦੇਖਭਾਲ ਯੋਜਨਾਬੰਦੀ**

# ੩. ਟਿਊਬ ਰਾਹੀਂ ਭੋਜਨ ਦੇਣਾ ਮੇਰੇ ਜੀਵਨ ਨੂੰ ਕਿਵੇਂ ਪ੍ਰਭਾਵਤ ਕਰੇਗਾ?

## ਮੈਂ ਅਜੇ ਵੀ ਕਿੰਨੀ ਦੇਰ ਤੱਕ ਮੂੰਹ ਰਾਹੀਂ ਭੋਜਨ ਖਾਣ ਦਾ ਆਨੰਦ ਲੈ ਸਕਦਾ/ਸਕਦੀ ਹਾਂ?

ਹੋ ਸਕਦਾ ਹੈ ਕਿ ਤੁਹਾਨੂੰ ਟਿਊਬ ਲਗਵਾਉਣ ਤੋਂ ਤੁਰੰਤ ਬਾਅਦ ਇਸ ਦੀ ਵਰਤੋਂ ਕਰਨ ਦੀ ਲੋੜ ਨਾ ਪਵੇ। ਕੁਝ ਲੋਕਾਂ ਨੇ ਇਸ ਨੂੰ ਪਹਿਲਾਂ ਤੋਂ ਲਗਾਇਆ ਹੋਇਆ ਹੈ, ਇਸ ਲਈ ਉਹ ਲੋੜ ਪੈਣ 'ਤੇ ਇਸ ਦੀ ਵਰਤੋਂ ਕਰ ਸਕਦੇ ਹਨ ਅਤੇ ਹੌਲੀ-ਹੌਲੀ ਇਸ ਦੀ ਵਰਤੋਂ ਵਧਾ ਸਕਦੇ ਹਨ।

ਫੀਡਿੰਗ ਟਿਊਬ ਦੇ ਨਾਲ, ਤੁਸੀਂ ਅਜੇ ਵੀ ਮੂੰਹ ਨਾਲ ਖਾ ਸਕਦੇ ਹੋ ਅਤੇ ਪੀ ਸਕਦੇ ਹੋ ਜਿੰਨਾ ਚਿਰ ਤੁਸੀਂ ਅਜਿਹਾ ਕਰਨ ਵਿੱਚ ਸੁਰੱਖਿਅਤ ਮਹਿਸੂਸ ਕਰਦੇ ਹੋ। ਇਹ ਪਤਾ ਲਗਾਉਣ ਲਈ ਕਿ ਤੁਹਾਡੇ ਲਈ ਕੀ ਸੁਰੱਖਿਅਤ ਹੈ, ਆਪਣੇ ਬੋਲਣ ਸਬੰਧੀ ਅਤੇ ਭਾਸ਼ਾ ਦੇ ਥੈਰੇਪਿਸਟ ਅਤੇ ਡਾਇਟੀਸ਼ੀਅਨ ਤੋਂ ਸਲਾਹ ਲਓ। ਹਾਲਾਂਕਿ ਟਿਊਬ ਫੀਡਿੰਗ, ਆਮ ਖਾਣ-ਪੀਣ ਵਰਗਾ ਆਨੰਦ ਨਹੀਂ ਦਿੰਦੀ, ਇਹ ਭੁੱਖ ਅਤੇ ਪਿਆਸ ਦੀਆਂ ਭਾਵਨਾਵਾਂ ਨੂੰ ਦੂਰ ਕਰ ਸਕਦੀ ਹੈ।

ਜੇਕਰ ਤੁਸੀਂ ਥੋੜ੍ਹੀ ਮਾਤਰਾ ਵਿੱਚ ਖਾਣਾ ਜਾਰੀ ਰੱਖਣ ਦੀ ਚੋਣ ਕਰਦੇ ਹੋ, ਤਾਂ ਜੋਖਮਾਂ 'ਤੇ ਵਿਚਾਰ ਕਰੋ ਅਤੇ ਪਹਿਲਾਂ ਸਲਾਹ ਲਓ। ਤੁਹਾਡਾ ਬੋਲਣ ਸਬੰਧੀ ਅਤੇ ਭਾਸ਼ਾ ਦਾ ਥੈਰੇਪਿਸਟ ਤੁਹਾਨੂੰ ਇਕਸਾਰਤਾ ਅਤੇ ਖਾਣ-ਪੀਣ ਦੀਆਂ ਕਿਸਮਾਂ ਬਾਰੇ ਮਾਰਗਦਰਸ਼ਨ ਕਰ ਸਕਦੇ ਹਨ ਜੋ ਵਰਤੋਂ ਲਈ ਸੁਰੱਖਿਅਤ ਹਨ।

## ਕੀ ਫੀਡਿੰਗ ਟਿਊਬ ਭਾਰ ਵਧਾਉਣ ਵਿੱਚ ਮੇਰੀ ਮਦਦ ਕਰੇਗੀ?

ਜੇਕਰ ਤੁਹਾਡਾ ਭਾਰ ਬਹੁਤ ਘਟ ਗਿਆ ਹੈ, ਤਾਂ ਤੁਹਾਨੂੰ ਕੁਝ ਘਟੇ ਹੋਏ ਵਜ਼ਨ ਨੂੰ ਮੁੜ ਹਾਸਲ ਕਰਨ ਵਿੱਚ ਮਦਦ ਕਰਨ ਲਈ ਉੱਚ ਕੈਲੋਰੀ ਵਾਲੀ ਤਰਲ ਫੀਡ ਦਿੱਤੀ ਜਾ ਸਕਦੀ ਹੈ। ਇਸ ਤੋਂ ਬਾਅਦ, ਸਹਿਮਤੀ ਵਾਲੇ ਪੱਧਰ 'ਤੇ ਵਜ਼ਨ ਬਰਕਰਾਰ ਰੱਖਣ ਵਿੱਚ ਮਦਦ ਲਈ ਫੀਡ ਦੀ ਕਿਸਮ ਅਤੇ ਮਾਤਰਾ ਨੂੰ ਬਦਲਿਆ ਜਾਵੇਗਾ।

## ਨਹਾਉਣ, ਸ਼ਾਵਰ ਲੈਣ ਜਾਂ ਤੈਰਾਕੀ ਬਾਰੇ ਕੀ ਕੀਤਾ ਜਾਵੇ?

ਤੁਹਾਨੂੰ ਟਿਊਬ ਨੂੰ ਉਦੋਂ ਤੱਕ ਪਾਣੀ ਵਿੱਚ ਨਹੀਂ ਡੁਬੋਣਾ ਚਾਹੀਦਾ ਜਦੋਂ ਤੱਕ ਇਸ ਨੂੰ ਲਗਾਉਣ ਵਾਲੀ ਥਾਂ ਪੂਰੀ ਤਰ੍ਹਾਂ ਠੀਕ ਨਹੀਂ ਹੋ ਜਾਂਦੀ। ਇੱਕ ਵਾਰ ਅਜਿਹਾ ਕਰਨਾ ਸੁਰੱਖਿਅਤ ਹੋ ਜਾਣ 'ਤੇ, ਇਹ ਯਕੀਨੀ ਬਣਾਓ ਕਿ ਨਹਾਉਣ, ਸ਼ਾਵਰ ਲੈਣ ਜਾਂ ਤੈਰਾਕੀ ਕਰਨ ਤੋਂ ਪਹਿਲਾਂ ਤੁਹਾਡੀ ਟਿਊਬ ਬੰਦ ਹੈ। ਟਿਊਬ ਨੂੰ ਧਿਆਨ ਨਾਲ ਸੁਕਾਓ ਅਤੇ ਬਾਅਦ ਵਿੱਚ ਬਾਹਰ ਨਿਕਲਣ ਵਾਲੀ ਥਾਂ ਨੂੰ ਸੁਕਾਓ।

ਫੀਡਿੰਗ ਟਿਊਬ ਦੇ ਨਾਲ ਨਹਾਉਣ, ਸ਼ਾਵਰ ਲੈਣ ਅਤੇ ਤੈਰਾਕੀ ਕਰਨ ਬਾਰੇ ਸਲਾਹ ਵੱਖ-ਵੱਖ ਖੇਤਰਾਂ ਵਿੱਚ ਵੱਖੋ-ਵੱਖਰੀ ਹੋ ਸਕਦੀ ਹੈ, ਅਜਿਹਾ ਟਿਊਬਾਂ ਦੀ ਰੇਂਜ ਅਤੇ ਉਹਨਾਂ ਨੂੰ ਕਿਵੇਂ ਫਿੱਟ ਕੀਤਾ ਜਾਂਦਾ ਹੈ, ਉੱਪਰ ਨਿਰਭਰ ਕਰਦਾ ਹੈ। ਆਪਣੀ ਸਿਹਤ ਅਤੇ ਸਮਾਜਕ ਦੇਖਭਾਲ ਟੀਮ ਤੋਂ ਮਾਰਗਦਰਸ਼ਨ ਮੰਗੋ।

## ਕੀ ਇਹ ਮੇਰੇ ਸਰੀਰ ਦੀ ਦਿੱਖ ਨੂੰ ਪ੍ਰਭਾਵਿਤ ਕਰੇਗੀ?

ਤੁਸੀਂ ਇਸ ਬਾਰੇ ਚਿੰਤਤ ਹੋ ਸਕਦੇ ਹੋ ਕਿ ਟਿਊਬ ਕਿਵੇਂ ਦਿਖਾਈ ਦੇਵੇਗੀ ਅਤੇ ਇਹ ਤੁਹਾਡੇ ਆਤਮ-ਵਿਸ਼ਵਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਦੋਂ ਤੁਸੀਂ ਕੱਪੜੇ ਪਹਿਨੇ ਹੋਣ ਤਾਂ ਇਹ ਦਿਖਾਈ ਨਹੀਂ ਦੇਵੇਗੀ ਅਤੇ ਆਮ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸਮੱਸਿਆਵਾਂ ਪੈਦਾ ਨਹੀਂ ਹੋਣੀਆਂ ਚਾਹੀਦੀਆਂ।

ਤੁਹਾਨੂੰ ਟਿਊਬ ਲਗਾਈ ਰੱਖਣ ਲਈ ਸਮਾਯੋਜਨ ਕਰਨ ਦੀ ਲੋੜ ਹੋ ਸਕਦੀ ਹੈ ਅਤੇ ਦੋਸਤਾਂ, ਪਰਿਵਾਰ ਜਾਂ ਤੁਹਾਡੀ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਦੇ ਮੈਂਬਰਾਂ ਨਾਲ ਆਪਣੀਆਂ ਭਾਵਨਾਵਾਂ ਬਾਰੇ ਗੱਲ ਕਰਨਾ ਮਦਦਗਾਰ ਹੋ

ਸਕਦਾ ਹੈ। ਉਹ ਤੁਹਾਡੇ ਸਰੀਰ ਵਿਚਲੀਆਂ ਤਬਦੀਲੀਆਂ ਨੂੰ ਸਵੀਕਾਰ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹਨ।

ਜੇਕਰ ਤੁਸੀਂ ਕੱਪੜੇ ਉਤਰੇ ਹੋਣ ਸਮੇਂ ਦੀ ਦਿੱਖ ਬਾਰੇ ਚਿੰਤਤ ਹੋ, ਤਾਂ ਫੀਡਿੰਗ ਟਿਊਬ ਨੂੰ ਢੱਕਿਆ ਜਾ ਸਕਦਾ ਹੈ। ਕੁਝ ਮਾਮਲਿਆਂ ਵਿੱਚ, ਇਸਨੂੰ ਇੱਕ ਛੋਟੀ ਲੰਬਾਈ ਤੱਕ ਕੱਟਿਆ ਜਾ ਸਕਦਾ ਹੈ, ਜਾਂ ਇੱਕ ਪੱਧਰੀ ਫਿਟਿੰਗ ਵਾਲੀ ਟਿਊਬ ਵਰਤੀ ਜਾ ਸਕਦੀ ਹੈ। ਮਾਰਗਦਰਸ਼ਨ ਲਈ ਆਪਣੇ ਡਾਇਟੀਸ਼ੀਅਨ ਜਾਂ ਪੋਸ਼ਣ ਸੰਬੰਧੀ ਨਰਸ ਨੂੰ ਪੁੱਛੋ।

## ਕੀ ਟਿਊਬ ਫੀਡਿੰਗ ਅਸਹਿਜ ਮਹਿਸੂਸ ਹੁੰਦੀ ਹੈ?

ਆਪਣੀ ਖੁਰਾਕ ਲੈਣ ਤੋਂ ਬਾਅਦ ਤੁਸੀਂ ਕੁਝ ਅਫਾਰੇ ਜਾਂ ਉਲਟੀ ਆਉਣ ਦਾ ਅਨੁਭਵ ਕਰ ਸਕਦੇ ਹੋ। ਇਸ ਨੂੰ ਤੁਹਾਡੇ ਪੇਟ ਵਿੱਚ ਟਿਕਾਉਣ ਅਤੇ ਵਧੇਰੇ ਆਰਾਮਦਾਇਕ ਮਹਿਸੂਸ ਕਰਵਾਉਣ ਵਿੱਚ ਮਦਦ ਕਰਨ ਲਈ, ਜਦੋਂ ਤੁਸੀਂ ਭੋਜਨ ਕਰ ਰਹੇ ਹੋਵੋ ਅਤੇ ਇੱਕ ਘੰਟੇ ਬਾਅਦ ਸਿੱਧੇ ਬੈਠੋ ਜਾਂ ਕਈ ਸਿਰਹਾਣਿਆਂ 'ਤੇ ਬੈਠੋ। ਜੇਕਰ ਇਹ ਇੱਕ ਸਮੱਸਿਆ ਰਹਿੰਦੀ ਹੈ, ਤਾਂ ਆਪਣੇ GP ਨੂੰ ਇਲਾਜ ਕਰਨ ਵਾਲੀ ਦੇਖਭਾਲ ਟੀਮ ਤੋਂ ਉਹਨਾਂ ਦਵਾਈਆਂ ਦੀ ਸਮੀਖਿਆ ਕਰਵਾਉਣ ਲਈ ਕਹੋ ਜੋ ਮਦਦ ਕਰ ਸਕਦੀਆਂ ਹਨ।

## ਜੇ ਮੇਰੇ ਫੀਡਿੰਗ ਟਿਊਬ ਲੱਗੀ ਹੈ ਤਾਂ ਕੀ ਮੈਨੂੰ ਅਜੇ ਵੀ ਆਪਣੇ ਮੂੰਹ ਦੀ ਦੇਖਭਾਲ ਕਰਨ ਦੀ ਲੋੜ ਹੈ?

ਤੁਹਾਨੂੰ ਆਪਣੇ ਮੂੰਹ ਦੀ ਦੇਖਭਾਲ ਕਰਨੀ ਚਾਹੀਦੀ ਹੈ ਭਾਵੇਂ ਤੁਸੀਂ ਖਾਣਾ ਨਹੀਂ ਖਾ ਰਹੇ ਹੋ। ਦੰਦਾਂ ਦੀ ਮੇਲ ਬਹੁਤ ਤੇਜ਼ੀ ਨਾਲ ਬਣ ਸਕਦੀ ਹੈ ਇਸ ਲਈ ਦਿਨ ਵਿੱਚ ਘੱਟੋ-ਘੱਟ ਦੋ ਵਾਰ ਆਪਣੇ ਦੰਦਾਂ ਨੂੰ ਸਾਫ਼ ਕਰਨਾ ਮਹੱਤਵਪੂਰਨ ਹੈ।

i ਸਾਡੀ ਬੁਕੱਲੈੱਟ ਵੇਖੋ: ਮੂੰਹ ਦੀ ਦੇਖਭਾਲ ਬਾਰੇ ਹੋਰ ਜਾਣਕਾਰੀ ਲਈ **Personal care**

## ਕੀ ਮੈਂ ਅਜੇ ਵੀ ਜਿਨਸੀ ਸੰਬੰਧ ਬਣਾ ਸਕਦਾ/ਸਕਦੀ ਹਾਂ ਅਤੇ ਸੰਭੋਗ ਕਰ ਸਕਦਾ/ਸਕਦੀ ਹਾਂ?

ਤੁਹਾਡਾ ਜਿਨਸੀ ਕਾਰਜ ਫੀਡਿੰਗ ਟਿਊਬ ਦੁਆਰਾ ਪ੍ਰਭਾਵਿਤ ਨਹੀਂ ਹੋਵੇਗਾ, ਪਰ ਇਹ ਤੁਹਾਡੇ ਸਰੀਰ ਬਾਰੇ ਤੁਹਾਡੇ ਸੋਚਣ ਅਤੇ ਮਹਿਸੂਸ ਕਰਨ ਦੇ ਤਰੀਕੇ ਨੂੰ ਬਦਲ ਸਕਦੀ ਹੈ। ਇਸ ਨਾਲ ਤੁਹਾਡਾ ਆਤਮ-ਵਿਸ਼ਵਾਸ਼ ਘੱਟ ਸਕਦਾ ਹੈ।

ਜੇਕਰ ਤੁਸੀਂ ਚਿੰਤਤ ਹੋ ਕਿ ਤੁਹਾਡੀ ਫੀਡਿੰਗ ਟਿਊਬ ਤੁਹਾਡੇ ਸੈਕਸ ਜੀਵਨ ਨੂੰ ਪ੍ਰਭਾਵਿਤ ਕਰ ਰਹੀ ਹੈ, ਤਾਂ ਤੁਹਾਡੇ ਸਾਥੀ ਨਾਲ ਇਸ ਬਾਰੇ ਗੱਲ ਕਰਨਾ ਅਤੇ ਤੁਹਾਡੀਆਂ ਭਾਵਨਾਵਾਂ ਨੂੰ ਇਕੱਠੇ ਪਤਾ ਲਗਾਉਣਾ ਮਦਦ ਕਰ ਸਕਦਾ ਹੈ।

i ਸਾਡੀ ਬੁੱਕਲੈੱਟ ਵੇਖੋ: ਨੇੜਤਾ 'ਤੇ ਮੈਡੀਕਲ ਉਪਕਰਣਾਂ ਦੇ ਪ੍ਰਭਾਵ ਲਈ **Sex and relationships**

## ਕੀ ਮੇਰੀ ਮਲ ਤਿਆਗ ਦੀ ਪ੍ਰਕਿਰਿਆ ਪ੍ਰਭਾਵਿਤ ਹੋਵੇਗੀ?

ਖੁਰਾਕ ਵਿੱਚ ਕੋਈ ਵੀ ਤਬਦੀਲੀ ਤੁਹਾਡੀਆਂ ਅੰਤੜੀਆਂ ਅਤੇ ਮਲ ਤਿਆਗ ਦੀ ਰੁਟੀਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਹਾਲਾਂਕਿ ਅੰਤੜੀਆਂ ਦਾ ਕੰਮ ਆਮ ਤੌਰ 'ਤੇ MND ਨਾਲ ਸਿੱਧੇ ਤੌਰ 'ਤੇ ਪ੍ਰਭਾਵਿਤ ਨਹੀਂ ਹੁੰਦਾ ਹੈ, ਫਿਰ ਵੀ ਇਸ ਬਿਮਾਰੀ ਵਾਲੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਮਲ ਤਿਆਗ ਨਾਲ ਸਮੱਸਿਆ ਹੁੰਦੀ ਹੈ। ਇਸਦੇ ਕਈ ਕਾਰਨ ਹੋ ਸਕਦੇ ਹਨ:

– ਪੇਡੂ ਦੇ ਆਧਾਰ ਵਾਲੀਆ ਕਮਜ਼ੋਰ ਮਾਸਪੇਸ਼ੀਆਂ

– ਘੱਟ ਸਰਗਰਮ ਹੋਣਾ

- ਭੋਜਨ ਨਿਗਲਣ ਸਬੰਧੀ ਮੁਸ਼ਕਲਾਂ ਕਾਰਨ ਬਹੁਤ ਘੱਟ ਰੇਸ਼ੇ ਅਤੇ ਪਾਣੀ
- ਕੁਝ ਖਾਸ ਦਵਾਈਆਂ ਦੀ ਵਰਤੋਂ

ਫੀਡਿੰਗ ਟਿਊਬ ਲਗਵਾਉਣ ਤੋਂ ਬਾਅਦ ਤੁਹਾਨੂੰ ਕਬਜ਼ ਹੋ ਸਕਦੀ ਹੈ ਜਾਂ ਦਸਤ ਲੱਗ ਸਕਦੇ ਹਨ। ਅੰਤੜੀਆਂ ਨੂੰ ਇੱਕ ਆਮ ਪੈਟਰਨ ਵਿੱਚ ਵਾਪਸ ਆਉਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਜੇਕਰ ਦਸਤ ਜਾਂ ਕਬਜ਼ ਇੱਕ ਸਮੱਸਿਆ ਬਣ ਜਾਂਦੀ ਹੈ ਤਾਂ ਤੁਹਾਡੀ ਫੀਡ ਵਿੱਚ ਰੇਸ਼ੇ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਫੀਡਿੰਗ ਟਿਊਬ ਦੇ ਨਾਲ ਜਿਉਣ ਲਈ ਚੰਗੀ ਤਰ੍ਹਾਂ ਅਨੁਕੂਲ ਹੋਵੋ, ਇਸ ਲਈ ਜੇਕਰ ਤੁਹਾਨੂੰ ਕੋਈ ਚਿੰਤਾ ਹੈ ਤਾਂ ਆਪਣੇ ਡਾਇਟੀਸ਼ੀਅਨ, ਡਿਸਟ੍ਰਿਕਟ ਨਰਸ ਜਾਂ ਨਿਊਟ੍ਰੀਸ਼ਨ ਨਰਸ ਤੋਂ ਸਲਾਹ ਲਓ।

### ਮੈਂ ਆਪਣੀ ਦਵਾਈ ਕਿਵੇਂ ਲਵਾਂਗਾ/ਲਵਾਂਗੀ?

ਜੇਕਰ ਤੁਸੀਂ ਆਪਣੀ ਦਵਾਈ ਨੂੰ ਨਿਗਲਣ ਵਿੱਚ ਅਸਮਰੱਥ ਹੋ ਤਾਂ ਜਿੱਥੇ ਵੀ ਸੰਭਵ ਹੋਵੇ ਇਸਦੀ ਤਰਲ ਜਾਂ ਘੁਲਣਸ਼ੀਲ ਰੂਪ ਵਿੱਚ ਤਜਵੀਜ਼ ਕੀਤੀ ਜਾਵੇਗੀ। ਜੇਕਰ ਕੋਈ ਦਵਾਈ ਤਰਲ ਰੂਪ ਵਿੱਚ ਉਪਲਬਧ ਨਹੀਂ ਹੈ, ਤਾਂ ਸਲਾਹ ਲਈ ਤਜਵੀਜ਼ ਕਰਨ ਵਾਲੇ ਸਿਹਤ ਪੇਸ਼ੇਵਰ ਨੂੰ ਪੁੱਛੋ। ਤੁਹਾਡਾ ਡਾਕਟਰ, ਡਿਸਟ੍ਰਿਕਟ ਨਰਸ, ਜਾਂ ਫਾਰਮਾਸਿਸਟ ਵੀ ਸਲਾਹ ਦੇ ਸਕਦਾ ਹੈ ਕਿ ਕਿਹੜੀਆਂ ਦਵਾਈਆਂ ਟਿਊਬ ਰਾਹੀਂ ਲਈਆਂ ਜਾ ਸਕਦੀਆਂ ਹਨ।

### ਜੇਕਰ ਮੈਨੂੰ ਭੋਜਨ ਤੋਂ ਐਲਰਜੀ ਹੈ ਤਾਂ ਕੀ ਮੈਂ ਟਿਊਬ ਫੀਡ ਲੈ ਸਕਦਾ/ਸਕਦੀ ਹਾਂ?

ਹਾਂ। ਤੁਹਾਡੇ ਡਾਇਟੀਸ਼ੀਅਨ ਨੂੰ ਪਤਾ ਹੋਵੇਗਾ ਕਿ ਕਿਹੜੀਆਂ ਫੀਡਾਂ ਤੁਹਾਡੀਆਂ ਲੋੜਾਂ ਲਈ ਢੁੱਕਵੀਆਂ ਹਨ। ਸਟੈਂਡਰਡ ਫੀਡਜ਼ ਬਿਲਕੁੱਲ ਨੱਟ (ਗਿਰੀਆਂ)-ਰਹਿਤ, ਗਲੂਟਨ-ਰਹਿਤ ਅਤੇ ਲੈਕਟੋਜ਼-ਰਹਿਤ ਹੁੰਦੀਆਂ ਹਨ। ਜੇਕਰ ਤੁਸੀਂ ਵੀਗਨ ਹੋ, ਤਾਂ ਤੁਹਾਡਾ ਬੋਲਣ ਸਬੰਧੀ ਅਤੇ ਭਾਸ਼ਾ ਦਾ ਥੈਰੇਪਿਸਟ ਅਤੇ ਤੁਹਾਡਾ ਡਾਇਟੀਸ਼ੀਅਨ ਸਲਾਹ ਦੇ ਸਕਦੇ ਹਨ।

## 4. ਟਿਊਬ ਕਿਵੇਂ ਲਗਾਈ ਕੀਤੀ ਜਾਂਦੀ ਹੈ?

ਇਹ ਸੈਕਸ਼ਨ ਟਿਊਬ ਲਗਵਾਉਣ ਦੀ ਪ੍ਰਕਿਰਿਆ ਅਤੇ ਲਗਵਾਉਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਿਹਤ ਅਤੇ ਸਮਾਜਿਕ ਦੇਖਭਾਲ ਪੇਸ਼ੇਵਰਾਂ ਨਾਲ ਚਰਚਾ ਕਰਨ ਵਾਲੀਆਂ ਚੀਜ਼ਾਂ ਬਾਰੇ ਚਰਚਾ ਕਰੇਗਾ।

### ਪ੍ਰਕਿਰਿਆ ਦੌਰਾਨ ਕੀ ਹੁੰਦਾ ਹੈ?

ਤੁਹਾਨੂੰ ਟਿਊਬ ਲਗਵਾਉਣ ਲਈ ਸਰਜੀਕਲ ਆਪ੍ਰੇਸ਼ਨ ਦੀ ਲੋੜ ਪਵੇਗੀ। ਇਸ ਪ੍ਰਕਿਰਿਆ ਨੂੰ ਗੈਸਟ੍ਰੋਸਟੋਮੀ ਕਿਹਾ ਜਾਂਦਾ ਹੈ। ਇਸਦੀਆਂ ਤਿੰਨ ਕਿਸਮਾਂ ਹਨ:

- PEG (ਪਰਕਿਊਟੇਨਿਅਸ ਐਂਡੋਸਕੋਪਿਕ ਗੈਸਟ੍ਰੋਸਟੋਮੀ)
- RIG (ਰੇਡੀਓਲੋਜੀਕਲ ਇੰਜ਼ਰਟਡ ਗੈਸਟ੍ਰੋਸਟੋਮੀ)
- PIG (ਪਰ-ਓਰਲ ਇਮੇਜ ਗਾਈਡਡ ਗੈਸਟ੍ਰੋਸਟੋਮੀ) ਕੁਝ ਖੇਤਰਾਂ ਵਿੱਚ, PIG ਨੂੰ POG ਕਿਹਾ ਜਾਂਦਾ ਹੈ।

ਵੱਖ-ਵੱਖ ਕਿਸਮਾਂ ਦੀਆਂ ਟਿਊਬਾਂ ਵਿੱਚ ਮੁੱਖ ਅੰਤਰ ਇਹ ਹੈ ਕਿ ਉਹਨਾਂ ਨੂੰ ਕਿਵੇਂ ਲਗਾਇਆ ਕੀਤਾ ਜਾਂਦਾ ਹੈ ਅਤੇ ਆਪਣੀ ਥਾਂ 'ਤੇ ਰੱਖਿਆ ਜਾਂਦਾ ਹੈ। ਇਹ ਤੁਹਾਨੂੰ ਪੋਸ਼ਣ ਸਬੰਧੀ ਨਰਸ, ਡਾਇਟੀਸ਼ੀਅਨ ਜਾਂ ਸੰਬੰਧਿਤ ਡਾਕਟਰ ਦੁਆਰਾ ਸਮਝਾਇਆ ਜਾਵੇਗਾ। ਜਲਦੀ ਹੀ ਵਿਕਲਪਾਂ ਦੀ ਪੜਚੋਲ ਕਰੋ ਤਾਂ ਜੋ ਤੁਸੀਂ ਸੂਝਵਾਨ ਫੈਸਲਾ ਲੈ ਸਕੋ।

RIG ਲਈ ਬਾਅਦ ਦੀ ਦੇਖਭਾਲ ਲਈ ਬਾਅਦ ਜ਼ਿਆਦਾ ਸਮਾਂ ਲੱਗ ਸਕਦਾ ਹੈ ਅਤੇ ਹੋਰ ਬੇਅਰਾਮੀ ਹੋ ਸਕਦੀ ਹੈ। ਹਾਲਾਂਕਿ, ਜੇਕਰ MND ਨੇ ਤੁਹਾਡੇ ਸਾਹ ਲੈਣ ਦੀ ਪ੍ਰਕਿਰਿਆ ਨੂੰ ਕਮਜ਼ੋਰ ਕਰ ਦਿੱਤਾ ਹੈ, ਤਾਂ ਤੁਹਾਨੂੰ PEG ਦੀ ਬਜਾਏ RIG ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।

ਦਿੱਤੇ ਗਏ ਵਿਕਲਪ ਇਸ ਗੱਲ 'ਤੇ ਨਿਰਭਰ ਕਰਨਗੇ ਕਿ ਤੁਸੀਂ ਕਿੱਥੇ ਰਹਿੰਦੇ ਹੋ, ਕਿਉਂਕਿ ਖੇਤਰੀ ਦਿਸ਼ਾ-ਨਿਰਦੇਸ਼ ਉਪਲਬਧ ਟਿਊਬ ਫੀਡਿੰਗ ਦੀ ਕਿਸਮ ਅਤੇ ਹਰੇਕ ਕਿਸਮ ਦੀ ਵਰਤੋਂ ਕਰਨ ਬਾਰੇ ਵੱਖ-ਵੱਖ ਹੋ ਸਕਦੇ ਹਨ।

ਫੀਡਿੰਗ ਟਿਊਬ ਲਗਵਾਉਣ ਤੋਂ ਪਹਿਲਾਂ ਭਾਰ ਵਿੱਚ ਭਾਰੀ ਕਮੀ ਆਪ੍ਰੇਸ਼ਨ ਦੇ ਦੌਰਾਨ ਅਤੇ ਬਾਅਦ ਵਿੱਚ ਜੋਖਮਾਂ ਨੂੰ ਵਧਾ ਸਕਦੀ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਕਾਫ਼ੀ ਮਾਤਰਾ ਵਿੱਚ ਭਾਰ ਗੁਆ ਲਿਆ ਹੋਵੇ, ਆਪਣੇ ਵਿਕਲਪਾਂ 'ਤੇ ਵਿਚਾਰ ਕਰਨਾ ਸਭ ਤੋਂ ਵਧੀਆ ਹੈ।

ਤੁਹਾਨੂੰ ਤੁਹਾਡੀ ਪ੍ਰਕਿਰਿਆ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਜਾਵੇਗਾ। ਤੁਹਾਨੂੰ ਆਮ ਤੌਰ 'ਤੇ ਬਾਅਦ ਵਿੱਚ ਥੋੜ੍ਹੇ ਸਮੇਂ ਲਈ ਠਹਿਰਨ ਦੀ ਲੋੜ ਪਵੇਗੀ, ਪਰ ਇਹ ਤੁਹਾਡੀਆਂ ਆਪਣੀਆਂ ਲੋੜਾਂ 'ਤੇ ਨਿਰਭਰ ਕਰੇਗਾ।

ਸਾਰਾ ਓਪਰੇਸ਼ਨ ਆਮ ਤੌਰ 'ਤੇ ਅੱਧੇ ਘੰਟੇ ਤੋਂ ਵੀ ਘੱਟ ਸਮਾਂ ਲੈਂਦਾ ਹੈ ਅਤੇ ਹਲਕੀ ਬੇਹੋਸ਼ੀ ਦੇ ਅਧੀਨ ਕੀਤਾ ਜਾਂਦਾ ਹੈ।

ਤੁਸੀਂ ਅਰਾਮ ਮਹਿਸੂਸ ਕਰੋਗੇ, ਪਰ ਸਮਝੋਗੇ ਕਿ ਕੀ ਹੋ ਰਿਹਾ ਹੈ। ਬਾਅਦ ਵਿੱਚ ਤੁਸੀਂ ਇੱਕ ਜਾਂ ਦੋ ਘੰਟੇ ਲਈ ਸੌਂ ਸਕਦੇ ਹੋ, ਅਤੇ ਫਿਰ ਕੀ ਹੋਇਆ ਹੈ, ਦੀ ਥੋੜ੍ਹੀ ਜਿਹੀ ਯਾਦ ਨਾਲ ਜਾਗ ਸਕਦੇ ਹੋ।

**"ਮੈਂ ਪੂਰੀ ਪ੍ਰਕਿਰਿਆ ਦੇ ਆਸਾਨੀ ਨਾਲ ਹੋ ਜਾਣ ਤੋਂ ਹੈਰਾਨ ਸੀ। ਬੇਹੋਸ਼ ਕਰਨ ਤੋਂ ਬਾਅਦ ਜਾਗਣ 'ਤੇ, ਟਿਊਬ ਬਿਨਾਂ ਕਿਸੇ ਦਰਦ ਦੇ ਥਾਂ 'ਤੇ ਸੀ ਅਤੇ ਇਹ ਓਪਰੀ ਲੱਗਣ ਦੀ ਬਜਾਏ ਲਗਭਗ ਕੁਦਰਤੀ ਜਾਪਦੀ ਸੀ। ਟਿਊਬ ਦੇ ਅੰਦਰ ਤਰਲ ਪਦਾਰਥ ਪਾਉਣਾ, ਪਾਣੀ ਨਾਲ ਧੋਣਾ ਅਤੇ ਬਹੁਤ ਜਲਦੀ ਸਫਾਈ ਕਰਨਾ ਰੋਜ਼ਾਨਾ ਦੀ ਰੁਟੀਨ ਦਾ ਹਿੱਸਾ ਬਣ ਗਿਆ ਹੈ।"**

ਕਈ ਵਾਰ ਨਾਸੋਗੈਸਟ੍ਰਿਕ ਫੀਡਿੰਗ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ, ਜਿਸ ਵਿੱਚ ਇੱਕ ਤੰਗ ਨਲੀ ਨੱਕ ਰਾਹੀਂ, ਗਲੇ ਦੇ ਪਿਛਲੇ ਪਾਸੇ ਅਤੇ ਪੇਟ ਵਿੱਚ ਜਾਂਦੀ ਹੈ। ਇਹ ਛੋਟੀ ਮਿਆਦ ਦੀ ਵਰਤੋਂ ਲਈ ਤਿਆਰ ਕੀਤੀ ਗਈ ਹੈ, ਆਮ ਤੌਰ 'ਤੇ ਚਾਰ ਹਫ਼ਤਿਆਂ ਤੋਂ ਘੱਟ ਮਿਆਦ ਲਈ। ਤੁਸੀਂ ਆਮ ਤੌਰ 'ਤੇ ਹਸਪਤਾਲ ਵਿੱਚ ਉਦੋਂ ਤੱਕ ਰਹਿੰਦੇ ਹੋ ਜਦੋਂ ਤੱਕ ਟਿਊਬ ਆਪਣੀ ਜਗ੍ਹਾ 'ਤੇ ਹੁੰਦੀ ਹੈ, ਕਿਉਂਕਿ ਇਹ ਨੱਕ ਵਿੱਚ ਬੇਅਰਾਮੀ ਦਾ ਕਾਰਨ ਬਣ ਸਕਦੀ ਹੈ ਅਤੇ ਇਸਨੂੰ ਅਕਸਰ ਬਦਲਣ ਦੀ ਲੋੜ ਹੁੰਦੀ ਹੈ। ਜਿਵੇਂ ਕਿ , ਇਸ ਟਿਊਬ ਨੂੰ ਅਕਸਰ ਬਦਲਣ ਦੀ ਲੋੜ ਹੁੰਦੀ ਹੈ, ਇਸਲਈ PEG, RIG ਜਾਂ PIG, MND ਦੇ ਨਾਲ ਤਰਜੀਹੀ ਵਿਕਲਪ ਹਨ।

## ਟਿਊਬ ਲਗਵਾਉਣ ਦੌਰਾਨ ਦੇ ਸਮੇਂ ਲਈ ਅਤੇ ਇਸ ਤੋਂ ਬਾਅਦ ਵਿੱਚ ਮੈਨੂੰ ਕੀ ਜਾਣਨ ਦੀ ਲੋੜ ਹੈ?

ਹਸਪਤਾਲ ਵਿੱਚ ਹੋਣ ਵੇਲੇ, ਤੁਹਾਡੇ ਘਰ ਜਾਣ ਤੋਂ ਪਹਿਲਾਂ ਹੇਠ ਲਿਖਿਆਂ ਬਾਰੇ ਪੁੱਛਣਾ ਮਦਦਗਾਰ ਹੋ ਸਕਦਾ ਹੈ:

– ਸਰਜਰੀ ਤੋਂ ਬਾਅਦ ਲਾਗ ਤੋਂ ਕਿਵੇਂ ਬਚੀਏ
– ਜੇ ਜ਼ਖ਼ਮ ਤੋਂ ਖੂਨ ਵਗ ਰਿਹਾ ਹੋਵੇ ਜਾਂ ਲੀਕ ਹੋ ਰਿਹਾ ਹੋਵੇ ਤਾਂ ਕੀ ਕਰਨਾ ਹੈ
– ਜਿੱਥੇ ਫੀਡਿੰਗ ਟਿਊਬ ਪਾਈ ਗਈ ਹੈ ਉੱਥੇ ਬੇਅਰਾਮੀ ਜਾਂ ਦਰਦ ਨੂੰ ਕਿਵੇਂ ਕੰਟਰੋਲ ਕਰਨਾ ਹੈ
– ਕਿਸੇ ਵੀ ਬਲੋਟਿੰਗ (ਅਫਾਰਾ), (ਇਹ ਫਿਟਿੰਗ ਤੋਂ ਬਾਅਦ ਜਾਂ ਜਦੋਂ ਤੁਸੀਂ ਟਿਊਬ ਰਾਹੀਂ ਤਰਲ ਪਦਾਰਥ ਲੈਣਾ ਸ਼ੁਰੂ ਕਰਦੇ ਹੋ ਤਾਂ ਤੁਹਾਡੇ ਪੇਟ ਵਿੱਚ ਕੁਝ ਹਵਾ ਰਹਿੰਦੀ ਹੈ ਤਾਂ ਹੋ ਸਕਦਾ ਹੈ) ਦਾ ਪ੍ਰਬੰਧਨ ਕਿਵੇਂ ਕਰਨਾ ਹੈ
– ਜੇ ਟਿਊਬ ਫਿੱਟ ਹੋਣ ਤੋਂ ਬਾਅਦ ਤੁਹਾਡਾ ਸਾਹ ਘੱਟ ਮਹਿਸੂਸ ਹੁੰਦਾ ਹੈ ਤਾਂ ਕੀ ਹੁੰਦਾ ਹੈ।

ਇਹ ਵੀ ਪੁੱਛੋ ਕਿ ਹਸਪਤਾਲ ਛੱਡਣ ਤੋਂ ਬਾਅਦ ਕਿਹੜੇ ਪੇਸ਼ੇਵਰ ਸਹਾਇਤਾ ਪ੍ਰਦਾਨ ਕਰਨਗੇ:

- ਟਿਊਬ ਫੀਡਿੰਗ ਨਾਲ ਮੇਰੀ ਸਿਹਤ ਦੀ ਨਿਗਰਾਨੀ ਕਰਨ ਲਈ ਕੌਣ ਜ਼ਿੰਮੇਵਾਰ ਹੋਵੇਗਾ ਅਤੇ ਮੇਰੇ ਸਵਾਲਾਂ ਦੇ ਜਵਾਬ ਦੇਵੇਗਾ?
- ਟਿਊਬ ਰੱਖ-ਰਖਾਅ ਲਈ ਮੈਂ ਕਿਸ ਨਾਲ ਸੰਪਰਕ ਕਰਾਂ?
- ਜੇ ਮੇਰੀ ਟਿਊਬ ਬੰਦ ਹੋ ਜਾਂਦੀ ਹੈ ਜਾਂ ਕਿਸੇ ਕਾਰਨ ਕਰਕੇ ਬਾਹਰ ਆਉਂਦੀ ਹੈ ਤਾਂ ਕੌਣ ਮਦਦ ਕਰ ਸਕਦਾ ਹੈ?

### ਮੈਂ ਸਰਜਰੀ ਤੋਂ ਬਾਅਦ ਜ਼ਖ਼ਮ ਦੀ ਦੇਖਭਾਲ ਕਿਵੇਂ ਕਰਾਂ?

ਬਾਅਦ ਦੀ ਦੇਖਭਾਲ ਬ੍ਰਾਂਡ ਜਾਂ ਫੀਡਿੰਗ ਟਿਊਬ ਦੀ ਕਿਸਮ 'ਤੇ ਨਿਰਭਰ ਕਰਦੀ ਹੈ, ਇਸ ਲਈ ਹਸਪਤਾਲ ਛੱਡਣ ਤੋਂ ਪਹਿਲਾਂ ਸਟਾਫ ਤੋਂ ਸਲਾਹ ਲਓ।

ਟਿਊਬ ਵਾਲੀ ਥਾਂ ਨੂੰ ਠੀਕ ਹੋਣ ਵਿੱਚ ਚਾਰ ਹਫ਼ਤੇ ਲੱਗ ਸਕਦੇ ਹਨ, ਜਦੋਂ ਕਿ ਟਿਊਬ ਵਾਲੀ ਥਾਂ ਤੋਂ ਦਰਮਿਆਨਾ ਦਰਦ ਅਤੇ ਥੋੜ੍ਹੀ ਜਿਹੀ ਮਾਤਰਾ ਵਿੱਚ ਡਿਸਚਾਰਜ ਹੋਣਾ ਆਮ ਗੱਲ ਹੈ। ਜੇ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੀ ਨਰਸ ਜਾਂ ਡਾਕਟਰ ਨੂੰ ਪੁੱਛੋ।

## 5. ਮੈਂ ਆਪਣੀ ਫੀਡਿੰਗ ਟਿਊਬ ਦੀ ਦੇਖਭਾਲ ਕਿਵੇਂ ਕਰਾਂ?

ਜੇਕਰ ਤੁਹਾਡੇ ਕੋਲ ਫੀਡਿੰਗ ਟਿਊਬ ਲੱਗੀ ਹੋਈ ਹੈ, ਤਾਂ ਤੁਹਾਨੂੰ, ਤੁਹਾਡੇ ਦੇਖਭਾਲ ਕਰਨ ਵਾਲੇ ਜਾਂ ਦੇਖਭਾਲ ਕਰਮਚਾਰੀ ਨੂੰ ਰੁਕਾਵਟਾਂ ਜਾਂ ਨੁਕਸਾਨ ਨੂੰ ਰੋਕਣ ਲਈ ਰੋਜ਼ਾਨਾ ਇਸਦੀ ਦੇਖਭਾਲ ਕਰਨ ਦੀ ਲੋੜ ਹੋਵੇਗੀ।

ਸਰਜਰੀ ਤੋਂ ਬਾਅਦ ਇੱਕ ਮਾਹਰ ਨਰਸ ਜਾਂ ਡਾਇਟੀਸ਼ੀਅਨ ਤੁਹਾਨੂੰ ਅਤੇ ਤੁਹਾਡੇ ਦੇਖਭਾਲ ਕਰਨ ਵਾਲਿਆਂ ਨੂੰ ਟਿਊਬ ਅਤੇ ਆਲੇ-ਦੁਆਲੇ ਦੀ ਚਮੜੀ ਨੂੰ ਕਿਵੇਂ ਸਾਫ਼ ਕਰਨਾ ਅਤੇ ਦੇਖਭਾਲ ਕਰਨਾ ਹੈ, ਇਹ ਦਿਖਾਉਣ ਲਈ ਹਸਪਤਾਲ ਵਿੱਚ ਤੁਹਾਨੂੰ ਮਿਲਣ ਜਾਵੇਗਾ। ਤੁਸੀਂ ਇਸ ਬਾਰੇ ਸਿਖਲਾਈ ਵੀ ਪ੍ਰਾਪਤ ਕਰੋਗੇ ਕਿ ਫੀਡਾਂ, ਪਾਣੀ ਅਤੇ ਦਵਾਈ ਨੂੰ ਟਿਊਬ ਰਾਹੀਂ ਕਿਵੇਂ ਲੰਘਾਉਣਾ ਹੈ।

ਜੇ ਤੁਸੀਂ ਥੋੜ੍ਹੇ ਸਮੇਂ ਲਈ ਹਸਪਤਾਲ ਵਿੱਚ ਹੋ, ਤਾਂ ਇਹ ਘਰ ਵਿੱਚ ਹੋ ਸਕਦਾ ਹੈ। ਜ਼ਿਆਦਾਤਰ ਹਸਪਤਾਲ ਤੁਹਾਨੂੰ ਹਸਪਤਾਲ ਵਿਚੋਂ ਛੁੱਟੀ ਹੋਣ 'ਤੇ ਤੁਹਾਡੀ ਮਦਦ ਕਰਨ ਲਈ ਇੱਕ ਉਪਯੋਗੀ ਲਿਖਤੀ ਗਾਈਡ ਦੇਣਗੇ।

ਜੇਕਰ ਤੁਹਾਨੂੰ ਇਹ ਅਨੁਭਵ ਹੁੰਦਾ ਹੈ ਤਾਂ ਤੁਹਾਨੂੰ ਆਪਣੇ ਟਿਊਬ ਫੀਡਿੰਗ ਮਾਹਰ ਸਹਾਇਤਾ ਤੋਂ ਸਲਾਹ ਲੈਣੀ ਚਾਹੀਦੀ ਹੈ:

- ਟਿਊਬ ਦੇ ਅੰਦਰ ਰੁਕਾਵਟ
- ਟਿਊਬ ਸਾਈਟ ਦੇ ਆਲੇ-ਦੁਆਲੇ ਰਿਸਾਵ
- ਪੇਟ ਵਿੱਚ ਲੰਬੇ ਸਮੇਂ ਲਈ ਜਾਂ ਗੰਭੀਰ ਦਰਦ
- ਆਪਣੀ ਟਿਊਬ ਰਾਹੀਂ ਫੀਡਿੰਗ, ਦਵਾਈਆਂ ਜਾਂ ਪਾਣੀ ਲਈ ਵਰਤਣ ਵੇਲੇ ਦਰਦ, ਜਾਂ ਟਿਊਬ ਦੇ ਆਲੇ ਦੁਆਲੇ ਦੀ ਚਮੜੀ ਦਾ ਦਰਦ
- ਟਿਊਬ ਢਿੱਲੀ ਹੋ ਜਾਂਦੀ ਹੈ ਜਾਂ ਬਾਹਰ ਡਿੱਗ ਜਾਂਦੀ ਹੈ (ਇਸਦੀ ਸੰਭਾਵਨਾ ਬਹੁਤ ਘੱਟ ਹੈ)।

ਫੀਡਿੰਗ ਟਿਊਬਾਂ, ਜਿਸ ਵਿੱਚ ਦੇਖਭਾਲ, ਫੀਡ ਅਤੇ ਰੱਖ-ਰਖਾਅ ਸ਼ਾਮਲ ਹੈ, ਦੇ ਨਾਲ ਉਪਭੋਗਤਾ ਅਨੁਭਵਾਂ ਲਈ ਵੀਡੀਓ ਵੈੱਬਸਾਈਟ: **mytube.mymnd.org.uk** ਵੇਖੋ। myTube ਬਾਰੇ ਹੋਰ ਜਾਣਕਾਰੀ ਭਾਗ 2 ਵਿੱਚ ਦੇਖੋ: **ਕੀ ਮੈਂ ਟਿਊਬ ਰਾਹੀਂ ਭੋਜਨ ਦੇਣ ਬਾਰੇ ਕੋਈ ਵੀਡੀਓ ਸਮੱਗਰੀ ਦੇਖ ਸਕਦਾ/ਦੀ ਹਾਂ?**

## ਮੈਨੂੰ ਭੋਜਨ ਕਿਵੇਂ ਖੁਆਇਆ ਜਾਵੇਗਾ?

ਤੁਹਾਡਾ ਡਾਇਟੀਸ਼ੀਅਨ ਮਾਰਗਦਰਸ਼ਨ ਪ੍ਰਦਾਨ ਕਰੇਗਾ। ਦੋ ਮੁੱਖ ਤਰੀਕੇ ਹਨ, ਪਰ ਕਈ ਵਾਰ ਦੋਵਾਂ ਦੇ ਸੁਮੇਲ ਨੂੰ ਤੁਹਾਡੀ ਜੀਵਨ ਸ਼ੈਲੀ ਅਤੇ ਜ਼ਰੂਰਤਾਂ ਦੇ ਅਨੁਸਾਰ ਵਰਤਿਆ ਜਾ ਸਕਦਾ ਹੈ:

– ਤਰਲ ਫੀਡ ਨੂੰ ਦਿਨ ਭਰ ਛੋਟੀਆਂ ਖੁਰਾਕਾਂ ਵਿੱਚ ਟਿਊਬ ਵਿੱਚ ਸਰਿੰਜ ਦੁਆਰਾ ਖੁਆਇਆ ਜਾ ਸਕਦਾ ਹੈ (ਜਿਸਨੂੰ ਬੋਲਸ ਵਿਧੀ ਕਿਹਾ ਜਾਂਦਾ ਹੈ)
– ਤਰਲ ਫੀਡ ਨੂੰ ਇਲੈਕਟ੍ਰਿਕ ਪੰਪ ਦੁਆਰਾ ਰਾਤ ਭਰ ਜਾਂ ਦਿਨ ਦੌਰਾਨ ਕਈ ਘੰਟਿਆਂ ਲਈ ਟਿਊਬ ਵਿੱਚ ਥੋੜ੍ਹਾ-ਥੋੜ੍ਹਾ ਟਪਕਾਇਆ ਜਾ ਸਕਦਾ ਹੈ।

ਜਿਵੇਂ ਕਿ ਕਿਸੇ ਵੀ ਨਵੀਂ ਚੀਜ਼ ਦੇ ਨਾਲ ਹੁੰਦਾ ਹੈ , ਟਿਊਬ ਫੀਡਿੰਗ ਤੁਹਾਡੇ ਰੁਟੀਨ ਵਿੱਚ ਕੀਤੀ ਗਈ ਇੱਕ ਤਬਦੀਲੀ ਹੈ ਅਤੇ ਤੁਹਾਨੂੰ ਇਹਨਾਂ ਤਬਦੀਲੀਆਂ ਦੇ ਅਨੁਕੂਲ ਹੋਣ ਲਈ ਸਮਾਂ ਚਾਹੀਦਾ ਹੈ। ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਡਾਇਟੀਸ਼ੀਅਨ ਤੋਂ ਪੁੱਛੋ।

## ਮੈਨੂੰ ਕਿਹੜੀ ਫੀਡ ਮਿਲੇਗੀ?

ਤੁਹਾਡਾ ਡਾਈਟੀਸ਼ੀਅਨ ਤੁਹਾਨੂੰ ਲੋੜੀਂਦੇ ਸਾਰੇ ਪੋਸ਼ਣ ਦੇ ਨਾਲ ਇੱਕ ਖਾਸ ਤੌਰ 'ਤੇ ਤਿਆਰ ਤਰਲ ਫੀਡ ਦੀ ਸਿਫ਼ਾਰਸ਼ ਕਰੇਗਾ। ਤੁਹਾਨੂੰ ਆਪਣੀ ਟਿਊਬ ਰਾਹੀਂ ਵਾਧੂ ਪਾਣੀ ਲੈਣ ਦੀ ਵੀ ਲੋੜ ਪੈ ਸਕਦੀ ਹੈ। ਡਾਇਟੀਸ਼ੀਅਨ ਤੁਹਾਨੂੰ ਫੀਡ ਅਤੇ ਪਾਣੀ ਦੀ ਮਾਤਰਾ ਬਾਰੇ ਸਲਾਹ ਦੇਵੇਗਾ ਅਤੇ ਇਹ ਕਿ ਇਹ ਕਿਸ ਸਮੇਂ ਲੈਣੀ ਚਾਹੀਦੀ ਹੈ।

ਤਰਲ ਭੋਜਨ ਜਾਂ ਦਹੀਂ ਸਮੇਤ ਕੋਈ ਹੋਰ ਤਰਲ ਪਦਾਰਥ ਟਿਊਬ ਵਿੱਚੋਂ ਨਹੀਂ ਲੰਘਾਉਣਾ ਚਾਹੀਦਾ। ਇਹ ਇਸਨੂੰ ਨੁਕਸਾਨ ਪਹੁੰਚਾ ਸਕਦੇ ਹਨ ਜਾਂ ਬਲਾਕ ਕਰ ਸਕਦੇ ਹਨ ਅਤੇ ਟਿਊਬ ਨੂੰ ਜਲਦੀ ਬਦਲਣ ਦੀ ਲੋੜ ਹੋ ਸਕਦੀ ਹੈ।

## ਕੀ ਮੈਨੂੰ ਫੀਡ ਲਈ ਆਰਡਰ ਕਰਨਾ ਪਵੇਗਾ?

ਫੀਡ ਤੁਹਾਡੇ ਲਈ ਤਜਵੀਜ਼ ਕੀਤੀ ਗਈ ਹੈ ਅਤੇ ਸਿੱਧੇ ਤੁਹਾਡੇ ਘਰ ਡਿਲੀਵਰ ਕੀਤੀ ਜਾ ਸਕਦੀ ਹੈ। ਤੁਹਾਡਾ ਡਾਈਟੀਸ਼ੀਅਨ ਜਾਂ ਪੋਸ਼ਣ ਮਾਹਰ ਤੁਹਾਨੂੰ ਚੱਲ ਰਹੀਆਂ ਸਪਲਾਈਆਂ ਅਤੇ ਖੁਰਾਕ ਦੇ ਉਪਕਰਣਾਂ ਬਾਰੇ ਸਲਾਹ ਦੇਵੇਗਾ।

ਫੀਡਿੰਗ ਟਿਊਬ ਨੂੰ ਸਾਫ਼ ਰੱਖਣ ਅਤੇ ਰੁਕਾਵਟਾਂ ਤੋਂ ਬਚਣ ਲਈ ਵਰਤੋਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਪਾਣੀ ਨਾਲ ਸਾਫ਼ ਕਰਨ ਦੀ ਲੋੜ ਹੁੰਦੀ ਹੈ। ਜੇਕਰ ਤੁਹਾਡੇ ਟਿਊਬ ਲੱਗੀ ਹੈ ਤਾਂ ਤੁਹਾਨੂੰ ਦਿਖਾਇਆ ਜਾਵੇਗਾ ਕਿ ਇਹ ਕਿਵੇਂ ਕਰਨਾ ਹੈ।

ਤੁਹਾਨੂੰ ਸਲਾਹ ਦਿੱਤੀ ਜਾਵੇਗੀ ਕਿ ਤੁਹਾਡੀ ਫੀਡਿੰਗ ਟਿਊਬ ਨੂੰ ਅਕਸਰ ਕਿੰਨੀ ਵਾਰ ਬਦਲਣ ਦੀ ਲੋੜ ਹੈ। ਇਸ ਵਿੱਚ ਮਾਮੂਲੀ ਪ੍ਰਕਿਰਿਆ ਸ਼ਾਮਲ ਹੁੰਦੀ ਹੈ ਜੋ ਆਮ ਤੌਰ 'ਤੇ ਹਸਪਤਾਲ ਵਿੱਚ ਬਾਹਰੀ ਮਰੀਜ਼ ਵਜੋਂ ਹੁੰਦੀ ਹੈ। ਵਰਤੋਂ ਕੀਤੀ ਗਈ ਟਿਊਬ ਦੇ ਬ੍ਰਾਂਡ ਦੇ ਆਧਾਰ 'ਤੇ ਹਰ ਹਸਪਤਾਲ ਦੀ ਵੱਖਰੀ ਸਿਫ਼ਾਰਸ਼ ਹੋਵੇਗੀ।

ਇਹ ਧਿਆਨ ਦੇਣ ਯੋਗ ਹੈ ਕਿ ਗੁਬਾਰੇ ਵਰਗੀ ਫਿਟਿੰਗ ਵਾਲੀਆਂ ਟਿਊਬਾਂ ਨੂੰ ਆਮ ਤੌਰ 'ਤੇ ਹਰ 3-6 ਮਹੀਨਿਆਂ ਬਾਅਦ, ਜ਼ਿਆਦਾ ਨਿਯਮਿਤ ਤੌਰ 'ਤੇ ਬਦਲਣ ਦੀ ਲੋੜ ਹੁੰਦੀ ਹੈ। ਪਲਾਸਟਿਕ ਬੰਪਰ ਦੁਆਰਾ ਲਗਾਈਆਂ ਟਿਊਬਾਂ ਦੀ ਉਮਰ ਲੰਬੀ ਹੁੰਦੀ ਹੈ ਅਤੇ ਇਹ ਕਈ ਸਾਲਾਂ ਤੱਕ ਰਹਿ ਸਕਦੀਆਂ ਹਨ। ਗੁਬਾਰਾ ਅਤੇ ਬੰਪਰ ਵੱਖ-ਵੱਖ ਫੀਡਿੰਗ ਟਿਊਬਾਂ ਦੇ ਹਿੱਸੇ ਹੁੰਦੇ ਹਨ ਜੋ ਪੇਟ ਦੇ ਅੰਦਰ ਲੱਗਦੇ ਹਨ ਤਾਂ ਜੋ ਟਿਊਬ ਨੂੰ ਜਗ੍ਹਾ 'ਤੇ ਰੱਖਣ ਵਿੱਚ ਮਦਦ ਕੀਤੀ ਜਾ ਸਕੇ।

# 6. ਮੈਂ ਹੋਰ ਜਾਣਕਾਰੀ ਕਿਵੇਂ ਪਤਾ ਕਰਾਂ?

## ਲਾਭਕਾਰੀ ਸੰਸਥਾਵਾਂ

ਅਸੀਂ ਸੰਗਠਨਾਂ ਦਾ ਸਮਰਥਨ ਨਹੀਂ ਕਰ ਸਕਦੇ, ਪਰ ਹੇਠ ਲਿਖੀਆਂ ਗੱਲਾਂ ਤੁਹਾਨੂੰ ਹੋਰ ਜਾਣਕਾਰੀ ਲੱਭਣ ਵਿੱਚ ਮਦਦ ਕਰ ਸਕਦੀਆਂ ਹਨ। ਸਾਡੀ MND ਕਨੈਕਟ ਹੈਲਪਲਾਈਨ ਤੁਹਾਨੂੰ ਸੰਗਠਨਾਂ ਨੂੰ ਲੱਭਣ ਵਿੱਚ ਮਦਦ ਕਰ ਸਕਦੀ ਹੈ। ਇਸ ਭਾਗ ਵਿੱਚ ਬਾਅਦ ਵਿੱਚ, ਇਸ ਸਿਰਲੇਖ ਹੇਠ ਸੰਪਰਕ ਵੇਰਵੇ ਵੇਖੋ: ਸਾਡਾ ਸਮਰਥਨ।

### ਬ੍ਰਿਟਿਸ਼ ਡਾਇਟੈਟਿਕ ਐਸੋਸੀਏਸ਼ਨ

ਡਾਇਟੀਸ਼ੀਅਨਾਂ ਦੀ ਨੁਮਾਇੰਦਗੀ ਕਰਨਾ ਅਤੇ ਪੋਸ਼ਣ ਦੇ ਖੇਤਰ ਵਿੱਚ ਕੰਮ ਕਰਨ ਵਾਲਿਆਂ ਨੂੰ ਸਲਾਹ ਪ੍ਰਦਾਨ ਕਰਨਾ।

ਟੈਲੀਫ਼ੋਨ: 0121 2008080
ਈਮੇਲ: info@bda.uk.com
ਵੈੱਬਸਾਈਟ: **www.bda.uk.com**

### NHS ਅਤੇ UK ਹੈਲਥਕੇਅਰ

ਪੂਰੇ UK ਵਿੱਚ NHS ਸੇਵਾਵਾਂ ਅਤੇ ਸਿਹਤ ਸੰਭਾਲ ਬਾਰੇ ਜਾਣਕਾਰੀ।

ਟੈਲੀਫ਼ੋਨ: 111 (ਇੰਗਲੈਂਡ, ਵੇਲਜ਼ ਅਤੇ ਸਕਾਟਲੈਂਡ)
ਵਿਅਕਤੀਗਤ ਟਰੱਸਟਾਂ ਦੀ ਵੈੱਬਸਾਈਟ ਸੰਪਰਕ ਪੰਨਾ ਵੇਖੋ (ਉੱਤਰੀ ਆਇਰਲੈਂਡ)
ਵੈੱਬਸਾਈਟ: **nhs.uk** (ਇੰਗਲੈਂਡ)
**wales.nhs.uk** (ਵੇਲਜ਼)
**hscni.net** (ਉੱਤਰੀ ਆਇਰਲੈਂਡ)
**nhs24.scot** (ਸਕਾਟਲੈਂਡ)

### MND ਸਕਾਟਲੈਂਡ

ਸਕਾਟਲੈਂਡ ਵਿੱਚ MND ਤੋਂ ਪ੍ਰਭਾਵਿਤ ਲੋਕਾਂ ਲਈ ਦੇਖਭਾਲ, ਜਾਣਕਾਰੀ ਅਤੇ ਖੋਜ ਲਈ ਫੰਡਿੰਗ।

ਟੈਲੀਫੋਨ 0141 332 3903
ਈਮੇਲ info@mndscotland.org.uk
ਵੈੱਬਸਾਈਟ **mndscotland.org.uk**

### myTube

MND ਨਾਲ ਟਿਊਬ ਰਾਹੀਂ ਭੋਜਨ ਦੇਣ ਬਾਰੇ ਸਿੱਖਣ ਦਾ ਸਰੋਤ।

ਵੈੱਬਸਾਈਟ: **mytube.mymnd.org.uk**

### PINNT

ਅਨੁਭਵ ਅਤੇ ਵਿਚਾਰ ਸਾਂਝੇ ਕਰਨ ਲਈ ਫੀਡਿੰਗ ਟਿਊਬਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਇੱਕ ਸਹਾਇਤਾ ਸੰਸਥਾ।

ਟੈਲੀਫ਼ੋਨ: 020 3004 6193
ਈਮੇਲ: ਵੈੱਬਸਾਈਟ ਸੰਪਰਕ ਪੰਨੇ ਰਾਹੀਂ
ਵੈੱਬਸਾਈਟ: **pinnt.com**

## ਮਾਨਤਾਵਾਂ

ਆਪਣੇ ਅਨੁਭਵ ਸਾਂਝੇ ਕਰਨ ਲਈ ਸਾਡੇ ਯੂਜ਼ਰ ਸਮੀਖਿਆ ਸਮੂਹ ਦਾ ਧੰਨਵਾਦ।

ਇਸ ਬੁੱਕਲੈੱਟ ਦੇ ਵਿਕਾਸ ਜਾਂ ਸੋਧ ਦੌਰਾਨ ਉਨ੍ਹਾਂ ਦੀ ਦਿਆਲੂ ਸਮੀਖਿਆ ਲਈ ਹੇਠ ਲਿਖਿਆਂ ਦਾ ਵੀ ਧੰਨਵਾਦ:

| | |
|---|---|
| **Kay Edwards (ਕੇ ਐਡਵਰਡਸ)** | ਨਿਊਟਰੀਸੀਆ ਨਰਸ, ਨੌਰਥੈਂਪਟਨਸ਼ਾਇਰ |
| **Kiri Elliott (ਕਿਰੀ ਇਲੀਅਟ)** | ਪਾਲਿਸੀ ਅਫਸਰ, The British Dietetic Association, Birmingham |
| **Erin Forker (ਏਰਿਨ ਫੋਕਰ)** | ਸੀਨੀਅਰ ਡਾਇਟੀਸ਼ੀਅਨ, University Hospitals Birmingham NHS Trust, QE Hospital |
| **Emma Husbands (ਐਮਾ ਹਸਬੈਂਡਜ਼)** | ਉਪਚਾਰਕ ਦਵਾਈ ਸਲਾਹਕਾਰ, Gloucestershire Royal Hospitals NHS Trust |
| **Susan Rowell** | ਪੋਸ਼ਣ ਨਰਸ ਮਾਹਰ, Great Western Hospitals NHS Trust, Swindon |
| **Joanne Simms** | ਕਮਿਊਨਿਟੀ ਪੋਸ਼ਣ ਸਹਾਇਤਾ ਡਾਇਟੀਸ਼ੀਅਨ, Great Western Hospitals NHS Trust, Swindon |
| **Beth Byrne** | ਹੋਮ ਐਂਟਰਲ ਫੀਡਿੰਗ ਡਾਇਟੀਸ਼ੀਅਨ, ਸਾਊਥ ਵਾਰਵਿਕਸ਼ਾਇਰ Foundation Trust, George Eliot Hospital, Nuneaton |
| **Emma Wood (ਐਮਾ ਵੁੱਡ)** | ਡਾਇਟੀਸ਼ੀਅਨ, James Cook University Hospital, Middlesbrough |


## ਹਵਾਲੇ

ਇਸ ਸਰੋਤ ਦੇ ਸਮਰਥਨ ਲਈ ਵਰਤੇ ਗਏ ਹਵਾਲੇ ਬੇਨਤੀ ਕਰਨ 'ਤੇ ਉਪਲਬਧ ਹਨ:
ਈਮੇਲ: **infofeedback@mndassociation.org**

ਜਾਂ ਇੱਥੇ ਲਿਖੋ:
Information feedback,
Motor Neurone Disease Association,
Francis Crick House,
6 Summerhouse Road,
Moulton Park,
Northampton, NN3 6BJ

## ਹੋਰ ਜਾਣਕਾਰੀ

ਅਸੀਂ MND ਅਤੇ Kennedy's ਬਿਮਾਰੀ ਬਾਰੇ ਜਾਣਕਾਰੀ ਦੀ ਵਿਸ਼ਾਲ ਸ਼੍ਰੇਣੀ ਪੇਸ਼ ਕਰਦੇ ਹਾਂ।
ਤੁਹਾਨੂੰ ਇਸ ਸ਼ੀਟ ਨਾਲ ਸਬੰਧਤ, ਹੇਠਾਂ ਦਿੱਤੇ ਸਰੋਤ ਮਦਦਗਾਰ ਲੱਗ ਸਕਦੇ ਹਨ।

### ਜਾਣਕਾਰੀ ਸ਼ੀਟਾਂ

7A ਨਿਗਲਣ ਸਬੰਧੀ ਮੁਸ਼ਕਲਾਂ
8A ਤੋਂ 8D ਸਾਹ ਲੈਣ ਅਤੇ ਹਵਾਦਾਰੀ ਬਾਰੇ ਸ਼ੀਟਾਂ ਦੀ ਇੱਕ ਲੜੀ
14A ਇਲਾਜ ਤੋਂ ਇਨਕਾਰ ਕਰਨ ਦਾ ਅਗਾਊਂ ਫੈਸਲਾ (ADRT) ਅਤੇ ਅਗਾਊਂ ਦੇਖਭਾਲ ਯੋਜਨਾਬੰਦੀ

### ਵੱਡੀਆਂ ਗਾਈਡਾਂ

MND ਨਾਲ ਖਾਣਾ-ਪੀਣਾ
ਜ਼ਿੰਦਗੀ ਦੀ ਸਮਾਪਤੀ: ਮੋਟਰ ਨਿਊਰੋਨ ਬਿਮਾਰੀ ਤੋਂ ਪ੍ਰਭਾਵਿਤ ਲੋਕਾਂ ਲਈ ਸੇਧ

### ਬੁੱਕਲੈੱਟਾਂ

ਨਿੱਜੀ ਦੇਖਭਾਲ
ਸੈਕਸ ਅਤੇ ਰਿਸ਼ਤੇ

### ਵੀਡੀਓ ਸਮੱਗਰੀ

myTube ਵੈੱਬਸਾਈਟ: **mytube.mymnd.org.uk**

### ਲਿੰਕ:

ਲੋੜ ਅਨੁਸਾਰ ਜਾਣਕਾਰੀ ਲਈ ਇੱਥੇ ਖੋਜ ਕਰੋ: **mndassociation.org/careinfofinder**

ਪੇਸ਼ੇਵਰਾਂ ਲਈ ਜਾਣਕਾਰੀ ਇੱਥੇ ਲੱਭੋ: **mndassociation.org/professionals**

ਸਾਡੀ ਜਾਣਕਾਰੀ ਇੱਥੇ ਡਾਊਨਲੋਡ ਕਰੋ: **mndassociation.org/publications**

ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਇੱਥੇ ਲੱਭੋ: **mndassociation.org/languages**

ਸਾਡੀ MND ਕਨੈਕਟ ਹੈਲਪਲਾਈਨ ਤੋਂ ਪ੍ਰਿੰਟ ਕੀਤੀਆਂ ਕਾਪੀਆਂ ਆਰਡਰ ਕਰੋ (ਅੱਗੇ ਸਾਡੀ ਸਹਾਇਤਾ ਦੇਖੋ)।

## ਸਾਡਾ ਸਮਰਥਨ

ਹਰ ਰੋਜ਼ ਅਸੀਂ ਮੋਟਰ ਨਿਊਰੋਨ ਬਿਮਾਰੀ ਤੋਂ ਪ੍ਰਭਾਵਿਤ ਲੋਕਾਂ ਦਾ ਸਮਰਥਨ ਕਰਦੇ ਹਾਂ, ਬਿਹਤਰ ਦੇਖਭਾਲ ਲਈ ਮੁਹਿੰਮ ਚਲਾਉਂਦੇ ਹਾਂ ਅਤੇ ਨਵੀਂ ਖੋਜ ਲਈ ਫੰਡ ਦਿੰਦੇ ਹਾਂ। ਕਿਉਂਕਿ MND ਨਾਲ, ਹਰ ਦਿਨ ਮਾਇਨੇ ਰੱਖਦਾ ਹੈ।

ਅਸੀਂ ਕੇਨੇਡੀ'ਜ਼ ਡਿਜ਼ੀਜ਼ ਤੋਂ ਪ੍ਰਭਾਵਿਤ ਲੋਕਾਂ ਦਾ ਵੀ ਸਮਰਥਨ ਕਰਦੇ ਹਾਂ।

**MND ਕਨੈਕਟ**
ਸਾਡੀ ਹੈਲਪਲਾਈਨ MND ਵਾਲੇ ਲੋਕਾਂ, ਦੇਖਭਾਲਕਰਤਾਵਾਂ, ਪਰਿਵਾਰਾਂ ਅਤੇ ਪੇਸ਼ੇਵਰਾਂ ਨੂੰ ਵਿਹਾਰਕ ਅਤੇ ਭਾਵਨਾਤਮਕ ਸਹਾਇਤਾ, ਜਾਣਕਾਰੀ ਅਤੇ ਸਾਈਨਪੋਸਟਿੰਗ ਪ੍ਰਦਾਨ ਕਰਦੀ ਹੈ। ਹੋਰ ਜਾਣਕਾਰੀ ਅਤੇ ਮੌਜੂਦਾ ਖੁੱਲ੍ਹਣ ਦੇ ਸਮਿਆਂ ਬਾਰੇ ਇੱਥੇ ਜਾਣੋ: **mndassociation.org/mndconnect**
ਟੈਲੀਫ਼ੋਨ: 0808 802 6262
ਈਮੇਲ: mndconnect@mndassociation.org

**ਸਹਾਇਤਾ ਸੇਵਾਵਾਂ**
ਸਾਡੀਆਂ ਸਹਾਇਤਾ ਸੇਵਾਵਾਂ ਬਾਰੇ ਇੱਥੇ ਪਤਾ ਕਰੋ: **mndassociation.org/our-services**

**ਸਥਾਨਕ ਅਤੇ ਖੇਤਰੀ ਸਹਾਇਤਾ**
ਸਾਡੀਆਂ ਸ਼ਾਖਾਵਾਂ ਅਤੇ ਸਮੂਹਾਂ ਬਾਰੇ ਇੱਥੇ ਪਤਾ ਕਰੋ: **mndassociation.org/local-support**

**MND ਐਸੋਸੀਏਸ਼ਨ ਲਾਭਾਂ ਸੰਬੰਧੀ ਸਲਾਹ ਸੇਵਾ**
ਦਾਅਵਿਆਂ ਦੀ ਪਛਾਣ ਕਰਨ ਅਤੇ ਅਰਜ਼ੀ ਕਿਵੇਂ ਦੇਣੀ ਹੈ, ਇਸ ਵਿੱਚ ਮਦਦ ਲਈ, ਇੱਥੇ ਦੇਖੋ: **mndassociation.org/benefitsadvice** ਜਾਂ ਸਾਡੀ MND ਕਨੈਕਟ ਹੈਲਪਲਾਈਨ 'ਤੇ ਕਾਲ ਕਰੋ।
ਟੈਲੀਫ਼ੋਨ: 0808 802 6262

**MND ਐਸੋਸੀਏਸ਼ਨ ਦੀ ਵੈੱਬਸਾਈਟ ਅਤੇ ਔਨਲਾਈਨ ਫੋਰਮ**
ਵੈੱਬਸਾਈਟ: **mndassociation.org**
ਔਨਲਾਈਨ ਫੋਰਮ: **forum.mndassociation.org**

# ਅਸੀਂ ਤੁਹਾਡੇ ਵਿਚਾਰਾਂ ਦਾ ਸੁਆਗਤ ਕਰਦੇ ਹਾਂ

ਅਸੀਂ ਇਹ ਜਾਣਨਾ ਪਸੰਦ ਕਰਾਂਗੇ ਕਿ ਤੁਸੀਂ ਬਾਰੇ ਕੀ ਸੋਚਦੇ ਹੋ ਕਿ ਅਸੀਂ ਕਿਹੜਾ ਕੰਮ ਵਧੀਆ ਕਰ ਰਹੇ ਹਾਂ ਅਤੇ ਅਸੀਂ MND, ਜਾਂ Kennedy's ਬਿਮਾਰੀ ਵਾਲੇ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲਕਰਤਾਵਾਂ ਲਈ ਸਾਡੀ ਜਾਣਕਾਰੀ ਨੂੰ ਕਿੱਥੇ ਸੁਧਾਰ ਸਕਦੇ ਹਾਂ।

ਤੁਹਾਡੀਆਂ ਅਗਿਆਤ ਟਿੱਪਣੀਆਂ ਦੀ ਵਰਤੋਂ ਸਾਡੇ ਸਰੋਤਾਂ, ਮੁਹਿੰਮਾਂ ਅਤੇ ਫੰਡਿੰਗ ਲਈ ਐਪਲੀਕੇਸ਼ਨਾਂ ਵਿੱਚ ਜਾਗਰੂਕਤਾ ਅਤੇ ਪ੍ਰਭਾਵ ਵਧਾਉਣ ਲਈ ਵੀ ਕੀਤੀ ਜਾ ਸਕਦੀ ਹੈ।

ਸਾਡੀ ਇਸ ਅਤੇ ਕਿਸੇ ਵੀ ਜਾਣਕਾਰੀ ਸ਼ੀਟ 'ਤੇ ਫੀਡਬੈਕ ਲਈ, ਸਾਡੇ ਔਨਲਾਈਨ ਫਾਰਮ ਤੱਕ ਇੱਥੇ ਪਹੁੰਚ ਕਰੋ:
**smartsurvey.co.uk/s/infosheets_1-25**

ਤੁਸੀਂ ਫਾਰਮ ਦੇ ਕਾਗਜ਼ੀ ਰੂਪ ਲਈ ਬੇਨਤੀ ਕਰ ਸਕਦੇ ਹੋ ਜਾਂ ਈਮੇਲ ਰਾਹੀਂ ਸਿੱਧੀ ਫੀਡਬੈਕ ਮੁਹੱਈਆ ਕਰ ਸਕਦੇ ਹੋ:
**infofeedback@mndassociation.org**

ਜਾਂ ਇਸ ਨੂੰ ਲਿਖੋ:
Information feedback
Motor Neurone Disease Association
Francis Crick House,
6 Summerhouse Road,
Moulton Park Northampton
NN3 6BJ

## ਕੀ ਤੁਸੀਂ ਸਾਡੀ ਜਾਣਕਾਰੀ ਦੀ ਵਰਤੋਂਕਾਰ ਸਮੀਖਿਆ ਵਿੱਚ ਮਦਦ ਕਰਨਾ ਚਾਹੋਗੇ?

ਜੇਕਰ ਤੁਸੀਂ MND ਜਾਂ Kennedy's ਬਿਮਾਰੀ ਨਾਲ ਰਹਿ ਰਹੇ ਹੋ, ਜਾਂ ਤੁਸੀਂ ਦੇਖਭਾਲ ਕਰਨ ਵਾਲੇ ਹੋ ਵਿਅਕਤੀ ਹੋ, ਤਾਂ ਸਾਡੇ ਨਾਲ ਇੱਥੇ ਸੰਪਰਕ ਕਰੋ: **infofeedback@mndassociation.org**

**© MND Association, 2026**

Motor Neurone Disease Association
Francis Crick House,
6 Summerhouse Road,
Moulton Park
Northampton, NN3 6BJ

ਟੈਲੀਫ਼ੋਨ: 01604 250505
ਈਮੇਲ: enquiries@mndassociation.org
ਵੈੱਬਸਾਈਟ: mndassociation.org

ਰਜਿਸਟਰਡ ਚੈਰਿਟੀ ਨੰ. 294354

ਸੰਸ਼ੋਧਨ ਮਿਤੀ: ਜਨਵਰੀ 2026
ਅਗਲੀ ਸਮੀਖਿਆ: ਸਤੰਬਰ 2028
ਸੰਸਕਰਣ: 1